**Posting Date**
01 ਫਰਵਰੀ 2015

# ਅੰਮ੍ਰਿਤ ਕੀਰਤਨ



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



# ਬਾਰਹਮਾਹ - ਜੇਠ

ਜੇਠ ਚੜ੍ਹਿਆ ਧੁੱਪਾਂ ਭੀ ਚੜ੍ਹੀਆਂ,
ਗਰਮ ਹਵਾਵਾਂ ਘੁੱਲੀਆਂ ਨੀ।
ਤੇਰੀ ਯਾਦ ਵਿਚ ਘੁੰਮਣ ਖਾਵਾਂ,
ਜਿਉਂ ਚਕੀਆਂ ਦੀਆਂ ਪੁਲੀਆਂ ਨੀ।
ਮੇਰੇ ਜਹੀਆਂ ਕਈ ਵੈਣ-ਵਰੋਲੇ,
ਪਾਵਣ ਤੇ ਹੀ ਤੁਲੀਆਂ ਨੀ।
ਜਿਨ੍ਹਾਂ ਦੇ ਮਾਹੀ ਕਰਨ ਕਲੋਲਾਂ,
ਹੱਸ ਹੱਸ ਕੇ ਉਹੀ ਫੁੱਲੀਆਂ ਨੀ।
ਲੋਕੀਂ ਪੀਂਦੇ ਭਰ ਭਰ ਪਿਆਲਾ,
ਮੇਰੇ ਭਾ ਦੀਆਂ ਚੁੱਲੀਆਂ ਨੀ।
ਬਿਨਾਂ ਪਿਆਰ ਮੈਂ ਰੋਂਦੀ ਫਿਰਦੀ,
ਬੰਦ ਹੋਈਆਂ ਮੇਰੀ ਬੁੱਲ੍ਹੀਆਂ ਨੀ।
ਭਿਜਿਆ ਮੁਖੜਾ ਕੌਣ ਸੁਕਾਵੇ,
ਅੱਖਾਂ 'ਚੋਂ ਬੂੰਦਾਂ ਡੁੱਲ੍ਹੀਆਂ ਨੀ।
ਅੱਖਾਂ ਖੋਲ੍ਹ ਐ ਮਿਹਰਾਂਵਾਲੇ
ਢੇਰ ਚਿਰਾਂ ਤੋਂ ਸੁਲੀਆਂ ਨੀ
ਸੰਤੋਖ ਸਿੰਘਾ ਹੁਣ ਆ ਜਾਉ ਜਾਨੀ,
ਦਰਸ਼ਨ ਲਈ ਅੱਖਾਂ ਖੁੱਲ੍ਹੀਆਂ ਨੀ।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ


ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

### ਚੰਦੇ ਦਾ ਵੇਰਵਾ

- ▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ

ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਸ਼ੋਅਰੂਮ ਨੰ: 443, ਮਟੋਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**


## ਇਸ ਅੰਕ ਵਿਚ


ਕਰਉ ਬੇਨੰਤੀਆ : ਕੁਝ ਪੜ੍ਹਿਆ - ਕੁਝ ਸੁਣਿਆ 5

ਗੁਰਮਤਿ ਸੰਗੀਤ ਵਿਚ ਰਾਗ ਬਸੰਤ
ਡਾ. ਗੁਰਨਾਮ ਸਿੰਘ 8

ਗੁਰੂ ਨਾਨਕ ਦੇਵ ਤੇ ਸੰਗੀਤ : ਇਤਿਹਾਸਕ ਪਰਿਪੇਖ
ਡਾ. ਜਾਗੀਰ ਸਿੰਘ 11

ਸੰਗੀਤ ਪ੍ਰਕਾਸ਼ਨਾਵਾਂ ਅਤੇ ਸੰਗੀਤਾਚਾਰੀਆ ਪ੍ਰੋਫੈਸਰ ਤਾਰਾ ਸਿੰਘ
ਡਾ. ਰਿਸ਼ਪਾਲ ਸਿੰਘ 14

ਦੱਖਣੀ ਰਾਗ
ਨਰਿੰਦਰਪਾਲ ਸਿੰਘ 22

ਸੁਰ ਲਿਪੀ - ਬਸੰਤ ਰਾਮਾਨੰਦ ਜੀ
ਹਰਿਭਜਨ ਸਿੰਘ 25

ਸੁਰ ਲਿਪੀ ਵਾਲੇ ਸ਼ਬਦ ਦੇ ਅਰਥ 26


## ਵਿਸ਼ੇਸ਼ ਸੂਚਨਾ

ਅੰਮ੍ਰਿਤ ਕੀਰਤਨ ਇਕ ਵਿਸ਼ੇਸ਼ ਪ੍ਰਕਾਰ ਦਾ ਮਾਸਿਕ ਪੱਤਰ ਹੈ। ਜੇ ਇਹ ਤੁਹਾਨੂੰ ਨਹੀਂ ਚਾਹੀਦਾ ਤਾਂ ਤੁਸੀਂ ਐਡਰੈੱਸ ਰੈਪਰ (ਕਵਰ ਪੇਪਰ) 'ਤੇ ਵਾਪਿਸ ਜਾਵੇ ਜਾਂ Return ਲਿਖ ਕੇ ਪੋਸਟ ਬਾਕਸ ਵਿਚ ਪਾ ਦਿਉ ਤਾਂ ਜੋ ਅੱਗੇ ਤੋਂ ਤੁਹਾਨੂੰ ਮੈਗਜ਼ੀਨ ਬੰਦ ਕਰ ਦਿੱਤਾ ਜਾਵੇ ਜਾਂ 9814053630 'ਤੇ ਸੂਚਿਤ ਕਰੋ ਜੀ।

### ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਜ਼ਰੂਰ ਕਰੋ ਜੀ

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

# ✉ ਮਿਤ੍ਰ ਅਸਾਡੜੇ ਸੇਈ

Sat Kartar,

After I read your article on Guru Nanak's kirtan, Gurus greeting came to mind. So Sat Kartar pervan hove ji.

**Harbansl Lal, PhD; D.Litt (hons), Emeritus Professor and Chairman, Dept of Pharmacology & Neuroscience, U. North Texas Health Science Center, 817-446-8757 Mob. 817-846-8630, harbansl@gmail.com, 6415 Amicable Drive, Arlington, TX 76016**

Thanks for the regular spiritual replenishment that you provide to hundreds of lovers of Shabda Kirtan. You are doing a great job. God bless.

**Dr SS Bhatti, Former Principal, Chandigarh College of Architecture, Chandigarh, E-Mail: ssbhatti24@yahoo.com**

It gives us distinct joy and happiness in conveying to you our New Year Greetings. May! 2015 from its folds unfolds for you & for your beloved family, many diverse surprises, but only pleasant ones. Since it cannot be defined finally in the absolute terms, therefore, "Prosperity" is an open ended term. It means different to different people. We wish you all, an all round prosperity of the sort of your perceptions and dreams. We pray that God Almighty keeps you all in an uninterrupted state of good health & cheer in the course of the New Year, and also thereafter.

**Amrik S. Gill, # 686, Phase-2, Mohali 160055, Mob. +91-172-2266489, 85588-74686, Email: gillmohali39@gmail.com, gillpatiala@yahoo.co.in**



## ਕੁਝ ਪੜ੍ਹਿਆ – ਕੁਝ ਸੁਣਿਆ

ਜਦੋਂ ਵੀ 'ਕਰਉ ਬੇਨੰਤੀਆ' ਲਈ ਕੁਝ ਲਿਖਣ ਲਗਦਾ ਹਾਂ ਤਾਂ ਕੋਸ਼ਿਸ਼ ਹੁੰਦੀ ਹੈ ਕਿ ਤੁਹਾਡੇ ਨਾਲ ਉਹ ਕੁਝ ਸਾਂਝਾ ਕਰਾਂ ਜੋ ਮੈਨੂੰ ਪਿਛਲੇ ਦਿਨੀਂ ਚੰਗਾ ਲੱਗਾ। ਪਿੱਛੇ ਜਿਹੇ 'Whatsapp' ਤੇ ਡਾ. ਬਚਿੱਤਰ ਸਿੰਘ ਨੇ 'ਨਿਆਜ਼ੀ ਭਰਾਵਾਂ' ਦੀ ਇਕ ਵੀਡੀਓ ਭੇਜੀ 'ਨਹੀਂ ਮੈਂ ਨਹੀਂ ਜਾਣਾ ਖੇੜਿਆਂ ਦੇ ਨਾਲ'। ਆਸਾ ਰਾਗ ਵਿਚ ਕਮਾਲ ਦੀ ਪੇਸ਼ਕਾਰੀ ਹੈ। ਬੜੀ ਸਾਦੀ ਪਰ ਪ੍ਰਭਾਵਸ਼ਾਲੀ। ਇਸ ਨੂੰ Youtude 'ਤੇ ਸੁਣਿਆ ਜਾ ਸਕਦਾ ਹੈ।ਇਹਨਾਂ ਦਿਨਾਂ ਵਿਚ ਦੋ ਪੁਸਤਕਾਂ ਪੜ੍ਹ ਰਿਹਾ ਹਾਂ। ਪਹਿਲੀ ਹੈ Zig Ziglar ਦੀ Staying up, up, up in a Down Down World। ਇਸ ਵਿਚ Advice from Helen ਵਾਲਾ ਲੇਖ ਬਹੁਤ ਵਧੀਆ ਲੱਗਾ। ਆਓ ਪੂਰਾ ਲੇਖ ਹੀ ਪੜ੍ਹ ਲੈਂਦੇ ਹਨ: When she was nineteen months old, Helen Keller was afflicted with a disease that seriously impaired her hearing and destroyed her sight. She observed that every day we should value our sight and use it as if today would be the last day we would be able to see. I wonder how many times we even think about our gift of sight and truly enjoy the beauty of our immediate surroundings, the faces of our mates, children grandchildren and friends.

Obviously there are more sense than just that of sight. I have an acquaintance in the insurance business who many years ago, through some unknown cause, awakened one morning profoundly deaf. He wrote that it was difficult to imagine the grief you feel to imagine the grief you feel when you realize that you will never again be able to hear your friends and loved ones say, "I love you, and I miss you."

The sense of smell is another of our take it for granted joys. The aroma of a delicious meal cooking or the fragrance of flowers, newly cut grass, a clean, fresh baby, or for me, the perfume my beautiful redheaded wife wears.

This morning, while listening to an audiotape, I heard thoughts expressed by Helen Keller and realized that I generally take all the these things for granted and seldom acknowledge the gifts of seeing, hearing, tasting, touching, smelling, thinking, and feeling. Take a moment to give thanks from your wonderful gifts. You 'll feel blessed all day.

ਦੂਜੀ ਪੁਸਤਕ ਹੈ Leadership Wisdom by Robin S. Sharma। ਇਸ ਵਿਚ ਉਸਨੇ ਆਪਣੇ ਜੀਵਨ ਦੇ ਕਾਰਜਾਂ ਨੂੰ ਪਹਿਲ ਦੇ ਆਧਾਰ 'ਤੇ ਕਰਨ ਬਾਰੇ ਸਿੱਖਿਆ ਦਿੱਤੀ ਹੈ। ਕਈ ਵਾਰ ਅਸੀਂ ਆਪਣੇ ਵਡੇਰੇ ਮਨੋਰਥਾਂ ਨੂੰ ਕੁਰਬਾਨ ਕਰਕੇ ਆਪਣੀਆਂ ਛੋਟੀਆਂ ਛੋਟੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣ ਲੱਗ ਪੈਂਦੇ ਹਾਂ। ਉਸਨੇ ਇਕ ਕਹਾਣੀ ਰਾਹੀਂ ਦੱਸਿਆ।..... ਸਮੁੰਦਰੀ ਜਹਾਜ਼ਾਂ ਨੂੰ ਦਿਸ਼ਾ ਦੱਸਣ ਲਈ ਇਕ ਲਾਈਟ ਹਾਊਸ ਦਾ ਕਰਿੰਦਾ ਸੀ। ਉਸ ਜ਼ਮਾਨੇ ਵਿਚ ਲਾਈਟ ਹਾਊਸ ਦੀ ਬੱਤੀ ਤੇਲ ਦੇ ਨਾਲ ਬਾਲ਼ੀ ਜਾਂਦੀ ਸੀ। ਬੱਤੀ ਨੂੰ ਵੇਖ ਕੇ ਜਹਾਜ਼ਾਂ ਨੂੰ ਆਪਣੀ ਸੁਰੱਖਿਅਤ ਦਿਸ਼ਾ ਦਾ ਪਤਾ ਲਗਦਾ ਰਹਿੰਦਾ ਸੀ। ਇਕ ਰਾਤ ਉਸ ਕੋਲ ਇਕ ਬਜ਼ੁਰਗ ਆਇਆ, ਜਿਹੜਾ ਨੇੜੇ ਹੀ ਰਹਿੰਦਾ ਸੀ। ਉਸ ਨੇ ਉਸ ਕੋਲੋਂ ਥੋੜ੍ਹਾ ਜਿਹਾ ਤੇਲ ਮੰਗਿਆ ਤਾਂ ਜੋ ਆਪਣੇ ਘਰ ਵਿਚ ਚਾਨਣ ਘਰ

ਸਕੇ। ਲਾਈਟ ਹਾਊਸ ਦੇ ਕਰਿੰਦੇ ਨੇ ਉਸਨੂੰ ਥੋੜ੍ਹਾ ਜਿਹਾ ਤੇਲ ਦੇ ਦਿੱਤਾ। ਦੂਜੀ ਰਾਤ ਇਕ ਰਾਹੀ ਆਇਆ। ਉਸ ਨੇ ਵੀ ਉਸ ਕੋਲੋਂ ਥੋੜ੍ਹਾ ਜਿਹਾ ਤੇਲ ਮੰਗਿਆ, ਤਾਂ ਜੋ ਉਹ ਲਾਲਟੇਨ ਨਾਲ ਆਪਣੀ ਯਾਤਰਾ ਕਰ ਸਕੇ। ਲਾਈਟ ਹਾਊਸ ਵਾਲੇ ਨੇ ਉਸ ਨੂੰ ਵੀ ਥੋੜ੍ਹਾ ਜਿਹਾ ਤੇਲ ਦੇ ਦਿੱਤਾ। ਅਗਲੀ ਰਾਤ ਇਕ ਮਾਂ ਆਈ। ਉਸ ਨੇ ਵੀ ਤੇਲ ਲਈ ਬੇਨਤੀ ਕੀਤੀ ਤਾਂ ਜੋ ਉਹ ਰੌਸ਼ਨੀ ਵਿਚ ਆਪਣੇ ਬੱਚਿਆਂ ਨੂੰ ਰੋਟੀ ਖੁਆ ਸਕੇ। ਇਸ ਤਰ੍ਹਾਂ ਕਰਕੇ ਉਸ ਦਾ ਤੇਲ ਸਮੇਂ ਤੋਂ ਪਹਿਲਾਂ ਖਤਮ ਹੋ ਗਿਆ ਅਤੇ ਅਗਲੀ ਰਾਤ ਲਾਲਟੇਨ ਨਾ ਜਗੀ। ਜਿਸ ਕਰਕੇ ਸਮੁੰਦਰੀ ਜਹਾਜ਼ ਦਿਸ਼ਾ ਨਾ ਮਿਲਣ ਕਰਕੇ ਚੱਟਾਨ ਨਾਲ ਟਕਰਾ ਗਿਆ ਅਤੇ ਕਈ ਬੰਦਿਆਂ ਦੀ ਜਾਨ ਚਲੀ ਗਈ। ਇਹ ਸਾਰਾ ਕੁਝ ਇਸ ਕਰਕੇ ਹੋਇਆ ਕਿ ਲਾਈਟ ਹਾਊਸ ਵਾਲੇ ਨੇ ਆਪਣੇ ਛੋਟੇ ਛੋਟੇ ਪੁੰਨ ਕਮਾਉਣ ਦੀ ਕੋਸ਼ਿਸ਼ ਕਰਦਿਆਂ ਵਡੇਰੀ ਜ਼ੁੰਮੇਵਾਰੀ ਨੂੰ ਅਣਗੌਲ਼ਿਆਂ ਕਰ ਦਿੱਤਾ। ਸਾਡੀ ਜ਼ਿੰਦਗੀ ਵਿਚ ਤੇਲ ਸਾਡਾ ਸਮਾਂ ਹੈ, ਜਿਸ ਨੂੰ ਅਸੀਂ ਕਿਸੇ ਵਡੇਰੇ ਮਨੋਰਥ ਲਈ ਵੀ ਪ੍ਰਯੋਗ ਕਰਨਾ ਹੈ, ਪਰ ਕਈ ਵਾਰ ਅਸੀਂ ਇਹ ਭੁੱਲ ਕੇ ਜ਼ਿੰਦਗੀ ਦੀਆਂ ਛੋਟੀਆਂ ਛੋਟੀਆਂ ਸਮੱਸਿਆਵਾਂ ਵਿਚ ਸਮਾਂ ਗੁਜ਼ਾਰ ਦਿੰਦੇ ਹਾਂ ਤੇ ਵਡੇਰਾ ਮਨੋਰਥ ਪੂਰਾ ਨਹੀਂ ਕਰ ਸਕਦੇ।

ਇਸ ਮਹੀਨੇ 'ਗੁਰਮਤਿ ਪ੍ਰਕਾਸ਼' ਵਿਚ ਛਪੀ ਪ੍ਰੋ: ਗੁਰਭਜਨ ਸਿੰਘ ਦੀ ਕਵਿਤਾ ਵੀ ਮੈਨੂੰ ਬੜੀ ਸਾਰਥਕ ਜਾਪੀ। ਅੱਜ ਜਦੋਂ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਤੋਂ ਉਲਟ ਗੁਰਦੁਆਰਿਆਂ ਉੱਪਰ ਕਬਜ਼ੇ ਕਰਨ ਲਈ ਸ਼ਬਦ ਗੁਰੂ ਦੀ ਗੁਰਮਤਿ ਨੂੰ ਛਿੱਕੇ ਟੰਗ ਕੇ ਜੋ ਹਰਬੇ ਵਰਤੇ ਜਾ ਰਹੇ ਹਨ, ਉਹ ਕਿਸੇ ਤੋਂ ਛਿਪੇ ਹੋਏ ਨਹੀਂ। ਅਸੀਂ ਇਹ ਭੁੱਲ ਗਏ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸਭ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨ ਕੇ ਸ਼ਬਦ ਵਿਚੋਂ ਪ੍ਰਭੂ ਖੋਜਣ ਦਾ ਆਦੇਸ਼ ਦਿੱਤਾ ਸੀ। ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਆਲੇ ਦੁਆਲੇ ਜੋ ਅਡੰਬਰੀ ਉਸਾਰੀ ਕੀਤੀ ਹੈ, ਉਸ ਵਿਚ ਸ਼ਬਦ ਤਾਂ ਜਿਵੇਂ ਗੁਆਚ ਹੀ ਗਿਆ ਹੈ। ਇਸ ਕਵਿਤਾ ਵਿਚ ਪ੍ਰੋ: ਗੁਰਭਜਨ ਸਿੰਘ ਨੇ ਫਿਰ ਯਾਦ ਕਰਵਾਇਆ ਕਿ ਅਸੀਂ ਕਿਸ ਦੇ ਸਿੱਖ ਹਾਂ ਅਤੇ ਸਾਡਾ ਧਰਮ ਕੀ ਹੈ।

## **ਸ਼ਬਦ ਮੇਰਾ ਹੈ ਧਰਮ ਦੋਸਤੋ /** ਪ੍ਰੋ: ਗੁਰਭਜਨ ਸਿੰਘ

ਸ਼ਬਦ ਮੇਰਾ ਹੈ ਧਰਮ ਦੋਸਤੋ ! ਸ਼ਬਦ ਮੇਰਾ ਈਮਾਨ ਦੋਸਤੋ !!
ਸ਼ਬਦ ਸੱਖਣੇ ਨਿਰਸ਼ਬਦੇ ਨੂੰ, ਕੌਣ ਕਹੇ ਇਨਸਾਨ ਦੋਸਤੋ?

ਤੇਰਾ ਪੰਥ-ਗ੍ਰੰਥ ਗੁਰੂ ਹੈ, ਮੇਰੇ ਇਸ਼ਟ ਸਿਖਾਇਆ ਮੈਨੂੰ।
ਇਕ ਓਅੰਕਾਰ ਬਿਨਾ ਸਭ ਮਿਥਿਆ, ਇੱਕੋ ਸ਼ਬਦ ਪੜ੍ਹਾਇਆ ਮੈਨੂੰ।
ਨਿਰਭਉ ਤੇ ਨਿਰਵੈਰ ਗੁਰੂ ਦੀ, ਉਂਗਲੀ ਦੇ ਲੜ ਲਾਇਆ ਮੈਨੂੰ।
ਹੱਕ, ਸੱਚ, ਇਨਸਾਫ਼ ਦੀ ਖ਼ਾਤਰ, ਹੋ ਜਾਵਾਂ ਕੁਰਬਾਨ ਦੋਸਤੋ !
ਸ਼ਬਦ ਮੇਰਾ ਹੈ ਧਰਮ ਦੋਸਤੋ ! ਸ਼ਬਦ ਮੇਰਾ ਈਮਾਨ ਦੋਸਤੋ !!

ਬਿਨਸੇ ਨਾਹੀਂ ਸਦਾ ਅਜੂਨੀ, ਕਾਲ-ਮੁਕਤ ਹੈ ਮੁਰਸ਼ਦ ਮੇਰਾ।
ਅਨਹਦ ਨਾਦ ਵਜਾਵਣ ਹਾਰੇ, ਲਾਇਆ ਕਣ-ਕਣ ਦੇ ਵਿਚ ਡੇਰਾ।
ਮਹਿਕ-ਮਹਿਕ ਲਟਬੌਰੀ ਛਾਂ ਹੈ, ਜੀਕੂੰ ਚੰਦਨ ਰੁੱਖ ਦਾ ਘੇਰਾ।
ਡਰਦਾ ਕਦੇ ਡਰਾਉਂਦਾ ਨਾਹੀਂ, ਦੇਵੇ ਅਕਲਾਂ ਦਾਨ ਦੋਸਤੋ !
ਸ਼ਬਦ ਮੇਰਾ ਹੈ ਧਰਮ ਦੋਸਤੋ ! ਸ਼ਬਦ ਮੇਰਾ ਈਮਾਨ ਦੋਸਤੋ !!

ਦਸਮ ਗੁਰੂ ਦੀ ਸਿੱਖਿਆ ਮੈਨੂੰ, ਤੇਰੇ ਲਈ ਪਰਮੇਸ਼ਰ ਪੋਥੀ।
ਇਸ ਦੇ ਬ੍ਰਹਮ ਵਿਚਾਰ ਸਾਹਮਣੇ, ਸਮਝੀਂ ਤੂੰ ਹਰ ਗੱਲ ਨੂੰ ਥੋਥੀ।

ਪੜ੍ਹ ਕੇ ਆਪ ਪੜ੍ਹਾਵੀਂ ਦੂਜੇ, ਹਰ ਮੁਸ਼ਕਿਲ ਦਾ ਹੱਲ ਹੈ ਪੋਥੀ।
ਆਪਣੀ ਮੂਲ ਪਛਾਨਣ ਵਾਲਾ, ਦੇਵੇ ਅਸਲ ਗਿਆਨ ਦੋਸਤੋ।
ਸ਼ਬਦ ਮੇਰਾ ਹੈ ਧਰਮ ਦੋਸਤੋ! ਸ਼ਬਦ ਮੇਰਾ ਈਮਾਨ ਦੋਸਤੋ!!

ਬਾਬਰ ਨੂੰ ਜਾਬਰ ਇਹ ਕਹਿੰਦਾ, "ਰਾਜੇ ਸੀਹ ਮੁਕਦਮ ਕੁਤੇ॥"
ਸ਼ਰਮ ਸ਼ਰ੍ਹਾਂ ਨਾ ਪਰਦਾ ਕੋਈ, "ਜਾਇ ਜਗਾਇਨਿ ਬੈਠੇ ਸੁਤੇ॥"
ਛਲ ਤੇ ਕਪਟ ਵਿਕਾਰ ਮੁਕਤ ਹੈ, ਦੱਸੋ ਕਿਹੜਾ ਇਸ ਤੋਂ ਉੱਤੇ?
ਉਨ੍ਹਾਂ ਨਾਲ ਨਾ ਤੁਰਾਂ ਜਿਹੜੇ ਜੋਰੀ ਮੰਗਣ ਦਾਨ ਦੋਸਤੋ।
ਸ਼ਬਦ ਮੇਰਾ ਹੈ ਧਰਮ ਦੋਸਤੋ! ਸ਼ਬਦ ਮੇਰਾ ਈਮਾਨ ਦੋਸਤੋ!!

ਪੰਜ ਸਦੀਆਂ ਪਹਿਲਾਂ ਇਸ ਦੱਸਿਆ, ਪਵਨ ਗੁਰੂ ਧਰਤੀ ਹੈ ਮਾਤਾ।
ਪਾਣੀ ਬਾਬਲ ਵਾਂਗ ਪਵਿੱਤਰ, ਸਰਬ ਧਰਮ ਨੂੰ ਇਕ ਕਰ ਜਾਤਾ।
ਮਾਈ-ਬਾਪ ਬਣਾਇਆ ਰੱਬ ਨੂੰ, ਮਿੱਤਰ, ਬੇਲੀ ਕਦੇ ਭਰਾਤਾ।
ਇਹ ਸਭ ਸਬਕ ਭੁਲਾ ਕੇ ਆਪਾਂ, ਬਣੀਏ ਨਾ ਹੈਵਾਨ ਦੋਸਤੋ!
ਸ਼ਬਦ ਮੇਰਾ ਹੈ ਧਰਮ ਦੋਸਤੋ! ਸ਼ਬਦ ਮੇਰਾ ਈਮਾਨ ਦੋਸਤੋ!!

ਪੰਜ ਵਿਕਾਰ ਨਿਸ਼ਾਨੀ ਲਾ ਕੇ, ਗੁਰਬਾਣੀ ਨੇ ਇਹ ਸਮਝਾਇਆ।
ਮੋਹ, ਮਮਤਾ, ਹੰਕਾਰ ਤੋਂ ਪਿੱਛੋਂ, ਕਾਮ, ਕਰੋਧ, ਲੋਭ ਦੀ ਮਾਇਆ।
ਇਨ੍ਹਾਂ ਪੰਜਾਂ ਦੇ ਵੱਸ ਪੈ ਕੇ, ਬੰਦਿਆ ਮਾਨਸ ਜਨਮ ਗਵਾਇਆ!
ਪੰਜ ਚੋਰਾਂ ਤੋਂ ਮੁਕਤੀ ਪਾ ਕੇ, ਬਣ ਜਾਈਏ ਦਰਬਾਨ ਦੋਸਤੋ!
ਸ਼ਬਦ ਮੇਰਾ ਹੈ ਧਰਮ ਦੋਸਤੋ! ਸ਼ਬਦ ਮੇਰਾ ਈਮਾਨ ਦੋਸਤੋ!!

ਇਸ ਧਰਤੀ ਦੇ ਮਾਲ ਖਜ਼ਾਨੇ, ਰਤਨ ਅਮੋਲ ਪਦਾਰਥ ਛੱਤੀ।
ਗੁਰ ਬਿਨ ਗਿਆਨ ਕਦੇ ਨਾ ਮਿਲਦਾ, ਜਗਦੀ ਨਹੀਂ ਤੇਲ ਬਿਨ ਬੱਤੀ।
ਸ਼ੁਭ ਅਮਲਾਂ ਬਾਝੋਂ ਸਭ ਮਿੱਟੀ, ਇਸ ਵਿਚ ਝੂਠ ਨਹੀਂ ਹੈ ਰੱਤੀ।
ਘੜ-ਘੜ ਕੱਢੇ ਖੋਟ ਮਨਾਂ 'ਚੋਂ, ਜੇ ਪੜ੍ਹ ਲਏ ਇਨਸਾਨ ਦੋਸਤੋ!
ਸ਼ਬਦ ਮੇਰਾ ਹੈ ਧਰਮ ਦੋਸਤੋ! ਸ਼ਬਦ ਮੇਰਾ ਈਮਾਨ ਦੋਸਤੋ!!

ਇਹ ਸ਼ੀਸ਼ਾ ਹੈ ਅਦਭੁਤ ਸ਼ੀਸ਼ਾ, ਘਟ-ਘਟ ਦੇ ਅੰਦਰ ਦੀ ਜਾਣੇ।
ਕਰਕ ਕਲੇਜੇ ਵਾਲੀ ਬੁੱਝੇ, ਭਲੇ-ਬੁਰੇ ਦੀ ਪੀੜ ਪਛਣੇ।
ਭਲਾ ਸਦਾ ਸਰਬੱਤ ਦਾ ਮੰਗੇ, ਸਭ ਨੂੰ ਆਪਣਾ ਹੀ ਕਰ ਜਾਣੇ।
ਮੈਨੂੰ ਪੂਜਣ ਤੋਂ ਇਹ ਵਰਜੇ, ਮਿੱਟੀ ਦੇ ਭਗਵਾਨ ਦੋਸਤੋ!
ਸ਼ਬਦ ਮੇਰਾ ਹੈ ਧਰਮ ਦੋਸਤੋ! ਸ਼ਬਦ ਮੇਰਾ ਈਮਾਨ ਦੋਸਤੋ!!

ਅੰਬਰ ਥਾਲੀ ਦੀਵੇ ਧਰ ਕੇ, ਸਦ ਜੀਵੀ ਅਰਦਾਸ ਸੁਣਾਵੇ।
ਦੀਵਿਆਂ ਦੀ ਥਾਂ ਚੰਦ ਤੇ ਸੂਰਜ, ਤਾਰਾ ਮੰਡਲ ਨਾਲ ਸੁਹਾਵੇ।
ਵਗਦੀ ਪੌਣ ਝੁਲਾਵੇ ਚੌਰੀ, ਸਗਲ ਬਨਸਪਤ ਸਾਜ਼ ਵਜਾਵੇ।
ਨਾਦ ਸ਼ਬਦ ਸੁਰ ਮਿਲ ਕੇ ਲਾਉਂਦੇ, ਸੁਣ ਲਉ ਅਨਹਦ ਤਾਨ ਦੋਸਤੋ!
ਸ਼ਬਦ ਮੇਰਾ ਹੈ ਧਰਮ ਦੋਸਤੋ! ਸ਼ਬਦ ਮੇਰਾ ਈਮਾਨ ਦੋਸਤੋ!!
ਸ਼ਬਦੋਂ ਸੱਖਣੇ ਨਿਰਸ਼ਬਦੇ ਨੂੰ, ਕੌਣ ਕਹੇ ਇਨਸਾਨ ਦੋਸਤੋ?

**113 ਐਫ. ਸ਼ਹੀਦ ਭਗਤ ਸਿੰਘ ਨਗਰ, ਪੱਖੋਵਾਲ ਰੋਡ, ਲੁਧਿਆਣਾ : ਮੋਬਾਇਲ : 9872631199**

ਭੁੱਲ ਚੁੱਕ ਖਿਮਾ!

# ਗੁਰਮਤਿ ਸੰਗੀਤ ਵਿਚ ਰਾਗ ਬਸੰਤ

## ਡਾ. ਗੁਰਨਾਮ ਸਿੰਘ

ਬਸੰਤ ਇਕ ਪੁਰਾਤਨ ਅਤੇ ਪ੍ਰਸਿੱਧ ਰਾਗ ਹੈ। ਪੁਰਾਤਨ ਮੱਧ ਕਾਲੀਨ ਅਤੇ ਆਧੁਨਿਕ ਸੰਗੀਤ ਗ੍ਰੰਥਾਂ ਵਿਚ ਇਸ ਰਾਗ ਦਾ ਉਲੇਖ ਹਰੇਕ ਗ੍ਰੰਥਕਾਰ ਨੇ ਕੀਤਾ ਹੈ। ਗੁਰਮਤਿ ਸੰਗੀਤ ਪਰੰਪਰਾ ਦਾ ਇਹ ਮਹੱਤਵਪੂਰਣ ਰਾਗ ਹੈ। ਭਾਰਤੀ ਸੰਗੀਤ ਵਿਚ ਇਸ ਰਾਗ ਅਧੀਨ ਅਨੰਦ ਤੇ ਖੇੜੇ ਦੀਆਂ ਬੰਦਿਸ਼ਾਂ ਗਾਈਆਂ ਜਾਂਦੀਆਂ ਹਨ ਪਰ ਗੁਰਮਤਿ ਸੰਗੀਤ ਵਿਚ ਇਸ ਰਾਗ ਅਧੀਨ ਬਸੰਤ ਰੁੱਤ ਦੇ ਖੇੜੇ ਨੂੰ ਅਧਿਆਤਮਕ ਅਨੰਦ ਦੀ ਅਨੁਭੂਤੀ ਵਿਚ ਓਤਪਰੋਤ ਸ਼ਬਦ ਬੰਦਸ਼ਾਂ ਦਾ ਗਾਇਨ ਕਰਕੇ ਦਰਸਾਇਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਕ੍ਰਮ ਵਿਚ ਇਸ ਨੂੰ 25ਵੇਂ ਸਥਾਨ ਪੰਨਾ 1168 'ਤੇ ਅੰਕਿਤ ਕੀਤਾ ਗਿਆ ਹੈ। ਇਸ ਰਾਗ ਵਿਚ ਪਉੜੀ ਗਾਇਨ ਦੀ ਪਰੰਪਰਾ ਗੁਰਮਤਿ ਸੰਗੀਤ ਦੀ ਵਿਲੱਖਣਤਾ ਹੈ। ਇਸ ਰਾਗ ਅਧੀਨ ਬਸੰਤ ਰੁੱਤ ਦੇ ਖੇੜੇ ਨੂੰ ਅਧਿਆਤਮਕ ਅਨੰਦ ਦੀ ਅਨੁਭੂਤੀ ਵਿਚ ਸ਼ਬਦ ਬੰਦਸ਼ਾਂ ਦਾ ਗਾਇਨ ਕਰਕੇ ਦਰਸਾਇਆ ਜਾਂਦਾ ਹੈ। ਬਸੰਤ ਰਾਗ ਸਬੰਧੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ :

-ਬਨਸਪਤਿ ਮਉਲੀ ਚੜਿਆ ਬਸੰਤੁ ॥(...) ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1176

-ਮਾਹਾ ਮਾਹ ਮੁਮਾਰਖੀ ਚੜਿਆ ਬਸੰਤੁ ॥(...) ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1168

ਸਿੱਖ ਕੀਰਤਨ ਪਰੰਪਰਾ ਵਿਚ ਬਸੰਤ ਰੁੱਤ ਵਿਚ ਰਾਗ ਬਸੰਤ ਦੀ ਚੌਕੀ ਦਾ ਗਾਇਨ ਕਰਨ ਦੀ ਵਿਸ਼ੇਸ਼ ਮਰਿਆਦਾ ਹੈ। ਬਸੰਤ ਰੁੱਤ ਵਿਚ ਕੀਰਤਨ ਦੀ ਆਰੰਭਤਾ ਇਸੇ ਰਾਗ ਨਾਲ ਕੀਤੀ ਜਾਂਦੀ ਹੈ। ਕੀਰਤਨ ਦੀ ਸੰਪਨਤਾ ਬਸੰਤ ਦੀ ਪਉੜੀ ਲਗਾ ਕੇ ਕੀਤੀ ਜਾਂਦੀ ਹੈ। ਰੁੱਤਕਾਲੀਨ ਰਾਗ ਹੋਣ ਕਰਕੇ ਰਾਗ ਬਸੰਤ ਦਾ ਗੁਰਮਤਿ ਸੰਗੀਤ ਪਰੰਪਰਾ ਵਿਚ ਮਾਘ ਮਹੀਨੇ ਤੋਂ ਹੋਲੇ ਮਹੱਲੇ ਦੇ ਤਿਉਹਾਰ ਤੱਕ ਗਾਇਨ ਕਰਨ ਦੀ ਰੀਤ ਹੈ। ਜਿਸ ਅਨੁਸਾਰ ਇਸ ਸਮੇਂ ਦੌਰਾਨ ਜਿੱਥੇ ਕਿਤੇ ਵੀ ਕੀਰਤਨ ਹੁੰਦਾ ਹੈ, ਉਸ ਵਿਚ ਬਸੰਤ ਅਤੇ ਬਸੰਤ ਹਿੰਡੋਲ ਦੇ ਵੱਖ-ਵੱਖ ਰਾਗ ਪ੍ਰਕਾਰਾਂ ਵਿਚ ਗਾਇਨ ਕਰਨਾ ਲਾਜ਼ਮੀ ਮੰਨਿਆ ਜਾਂਦਾ ਹੈ। ਇਸ ਕੀਰਤਨ ਨੂੰ ਬਸੰਤ ਦੀ ਕੀਰਤਨ ਚੌਕੀ ਵੀ ਕਿਹਾ ਜਾਂਦਾ ਹੈ ਅਤੇ ਇਸ ਦੇ ਅੰਤ ਵਿਚ ਬਸੰਤ ਦੀ ਵਾਰ ਦੀਆਂ ਪਉੜੀਆਂ ਦਾ ਗਾਇਨ ਵੀ ਵਿਸ਼ੇਸ਼ ਰੂਪ ਵਿਚ ਕੀਤਾ ਜਾਂਦਾ ਹੈ। ਇਸ ਸਮੇਂ ਦੌਰਾਨ ਰਾਗ ਬਸੰਤ ਦਾ ਆਰੰਭ ਸ੍ਰੀ ਦਰਬਾਰ ਸਾਹਿਬ ਵਿਖੇ ਮਾਘੀ ਦੀ ਸੰਗਰਾਂਦ ਤੋਂ ਇਕ ਰਾਤ ਪਹਿਲਾਂ ਵਿਸ਼ੇਸ਼ ਅਰਦਾਸ ਕਰਕੇ ਕੀਤਾ ਜਾਂਦਾ ਹੈ। ਰਾਗ ਬਸੰਤ ਦੇ ਆਰੰਭ ਦੀ ਇਸ ਰੀਤ ਨੂੰ ਗੁਰਮਤਿ ਸੰਗੀਤ ਵਿਚ ਬਸੰਤ ਖੋਲਣਾ ਕਿਹਾ ਜਾਂਦਾ ਹੈ। ਰਾਗ ਬਸੰਤ ਦਾ ਸਮਾਪਨ ਹੌਲੇ ਮਹੱਲੇ ਦੇ ਤਿਉਹਾਰ 'ਤੇ ਤਖ਼ਤ ਸ੍ਰੀ ਕੇਸਗੜ੍ਹ, ਅਨੰਦਪੁਰ ਸਾਹਿਬ ਵਿਖੇ ਕੀਤਾ ਜਾਂਦਾ ਹੈ ਜਿਸ ਵਿਚ ਹੋਲੇ ਮਹੱਲੇ ਤੋਂ ਇਕ ਰਾਤ ਪਹਿਲਾਂ ਬਸੰਤ ਰਾਗ 'ਤੇ ਅਧਾਰਿਤ ਇਕ ਵਿਸ਼ੇਸ਼ ਰਾਗ ਦਰਬਾਰ ਸੱਜਦਾ ਹੈ ਜਿਸ ਵਿਚ ਕੀਰਤਨੀਏ ਬਸੰਤ ਅਤੇ ਹੋਲੀ ਨਾਲ ਸਬੰਧਤ ਕੀਰਤਨ ਕਰਦੇ ਹਨ ਅਤੇ ਅੰਤ ਵਿਚ ਬੀਰ ਰਸੀ ਸ਼ਬਦਾਂ ਦਾ ਗਾਇਨ ਸ਼ਸਤਰ ਮਾਲਾ ਵਿਚੋਂ ਕੀਤਾ ਜਾਂਦਾ ਹੈ। ਇਸ ਕੀਰਤਨ ਚੌਕੀ ਦਾ ਆਰੰਭ ਮਾਘ ਦੀ ਸੰਗਰਾਂਦ ਤੋਂ ਹੁੰਦਾ ਹੈ। ਜਿਨ੍ਹਾਂ ਮਹੀਨਿਆਂ ਵਿਚ ਬਸੰਤ ਰਾਗ ਦਾ ਗਾਇਨ ਹੁੰਦਾ ਹੈ ਉਸ ਸਮੇਂ ਸਾਰੰਗ ਰਾਗ ਬਿਲਕੁਲ ਨਹੀਂ ਗਾਇਆ ਜਾਂਦਾ।

ਬਸੰਤ ਰਾਗ ਦੇ ਅੰਤਰਗਤ ਗੁਰੂ ਨਾਨਕ ਦੇਵ ਜੀ ਦੇ ਅੱਠ ਪਦੇ, ਸੱਤ ਅਸ਼ਟਪਦੀਆਂ; ਗੁਰੂ ਅਮਰਦਾਸ ਜੀ ਦੇ

ਸਤਾਰਾਂ ਪਦੇ; ਗੁਰੂ ਰਾਮਦਾਸ ਜੀ ਦੋ ਪਦੇ; ਗੁਰੂ ਅਰਜਨ ਦੇਵ ਜੀ ਅਠਾਰਾਂ ਪਦੇ ਦੋ ਅਸ਼ਟਪਦੀਆਂ ਤੇ ਇਕ ਵਾਰ; ਭਗਤ ਕਬੀਰ ਜੀ ਦੇ ਸੱਤ; ਨਾਮਦੇਉ ਜੀ ਦੇ ਤਿੰਨ ਪਦੇ ਤੇ ਭਗਤ ਰਵੀਦਾਸ ਇਕ ਪਦਾ ਬਾਣੀ ਰੂਪ ਦਰਜ ਹੈ।

ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਵਿਚ ਇਸ ਰਾਗ ਨੂੰ ਪੂਰਵੀ ਥਾਟ ਦੇ ਅੰਤਰਗਤ ਰੱਖਿਆ ਗਿਆ ਹੈ। ਗੁਰੂ ਗਿਰਾਰਥ ਕੋਸ਼ ਵਿਚ ਬਸੰਤ ਨੂੰ ਸਿਰੀ ਰਾਗ ਦੀ ਰਾਗਨੀ ਸਵੀਕਾਰਿਆ ਗਿਆ ਹੈ। ਭਾਰਤੀ ਸੰਗੀਤਕਾਰਾਂ ਵਿਚ ਇਸ ਰਾਗ ਦੇ ਸਰੂਪ ਬਾਰੇ ਭਿੰਨ-ਭਿੰਨ ਮੱਤ ਪ੍ਰਚਲਿਤ ਹਨ। ਇਕ ਮੱਤ ਅਨੁਸਾਰ ਇਹ ਮਾਰਵਾ ਥਾਟ ਦਾ ਸੰਪੂਰਨ ਰਾਗ ਹੈ। ਦੂਜੇ ਮੱਤ ਅਨੁਸਾਰ ਇਹ ਰਾਗ ਥਾਟ ਮਾਰਵਾ, ਪੰਚਮ ਵਰਜਿਤ, ਤੀਜੇ ਮੱਤ ਅਨੁਸਾਰ ਥਾਟ ਪੂਰਵੀ, ਕੇਵਲ ਤੀਵਰ ਮਧਿਅਮ, ਚੌਥੇ ਨੇ ਥਾਟ ਪੂਰਵੀ, ਦੋਵੇਂ ਮਾਧਿਅਮ ਆਦਿ। ਕੁਝ ਗ੍ਰੰਥਕਾਰ ਬਸੰਤ ਰਾਗ ਵਿਚ ਕੋਮਲ ਗੰਧਾਰ ਅਤੇ ਥਾਟ ਤੋੜੀ ਮੰਨਦੇ ਹਨ। ਵਰਤਮਾਨ ਸਮੇਂ ਵਿਚ ਰਾਗ ਬਸੰਤ ਪੂਰਵੀ ਥਾਟ ਅਤੇ ਮਧਿਅਮ ਦੋਵੇਂ, ਜ਼ਿਆਦਾ ਪ੍ਰਚਾਰ ਵਿਚ ਹੈ।

ਕੁਝ ਸੰਗੀਤ ਵਿਦਵਾਨਾਂ ਇਸ ਰਾਗ ਨੂੰ ਪੁਰਾਤਨ ਬਸੰਤ ਰਾਗ ਜੋ ਕਿ ਬਿਲਾਵਲ ਥਾਟ ਦਾ ਰਾਗ ਹੈ, ਨੂੰ ਮਾਨਤਾ ਦਿੰਦੇ ਹਨ। ਰਾਗ ਨਿਰਣਾਇਕ ਕਮੇਟੀ ਨੇ ਵੀ ਇਸ ਰਾਗ ਦੇ ਪੁਰਾਤਨ ਬਿਲਾਵਲ ਥਾਟ ਦੇ ਸਰੂਪ ਨੂੰ ਹੀ ਪ੍ਰਵਾਨਿਆ ਹੈ। ਰਾਗ ਬਸੰਤ ਦੇ ਕੁਝ ਪ੍ਰਕਾਰ ਨਿਮਨਲਿਖਤ ਹਨ:

1. **ਕਲਿਆਣ**-ਅੰਗ, ਵਾਦੀ : ਤਾਰ ਸ਼ੜਜ, ਸੰਵਾਦੀ : ਗੰਧਾਰ, ਸੁਰ : ਦੋਵੇਂ ਮਧਿਅਮ, ਰਿਸ਼ਭ ਦੁਰਬਲ, ਸਮਾਂ : ਬਸੰਤ ਰੁੱਤ।
2. **ਥਾਟ :** ਪੂਰਵੀ, ਜਾਤੀ : ਔੜਵ-ਸੰਪੂਰਨ, ਵਰਜਿਤ ਸੁਰ : ਆਰੋਹ ਵਿਚ ਰਿਸ਼ਭ, ਪੰਚਮ, ਵਾਦੀ-ਸੰਵਾਦੀ : ਤਾਰ, ਸ਼ੜਜ : ਪੰਚਮ, ਸਮਾਂ : ਅੱਧੀ ਰਾਤ ਤੋਂ ਬਾਅਦ।
3. **ਥਾਟ :** ਪੂਰਵੀ, ਜਾਤੀ : ਔੜਵ-ਵਕਰ ਸੰਪੂਰਨ, ਵਾਦੀ : ਤਾਰ ਸ਼ੜਜ, ਸੰਵਾਦੀ-ਪੰਚਮ, ਸੁਰ : ਰਿਸ਼ਭ, ਧੈਵਤ ਕੋਮਲ, ਮਧਿਅਮ ਤੀਵਰ, ਵਰਜਿਤ ਸੁਰ : ਰਿਸ਼ਭ ਆਰੋਹ ਵਿਚ, ਸਮਾਂ : ਬਸੰਤ ਰੁੱਤ ਵਿਚ ਹਰ ਵੇਲੇ।
4. ਨਿਮਨਲਿਖਤ ਸਰੂਪ ਗੁਰਮਤਿ ਸੰਗੀਤ ਪਰੰਪਰਾ ਦੇ ਵਿਦਵਾਨਾਂ ਤੇ ਰਾਗ ਨਿਰਣਾਇਕ ਕਮੇਟੀ ਨੇ ਪ੍ਰਵਾਨ ਕੀਤਾ ਹੈ। ਬਸੰਤ ਰਾਗ ਦੇ ਇਸ ਰੂਪ ਵਿਚ ਸਾਰੇ ਸੁਰ ਸ਼ੁੱਧ ਹਨ। ਆਰੋਹ ਵਿਚ ਰਿਸ਼ਭ ਅਤੇ ਪੰਚਮ ਵਰਜਿਤ ਹੈ ਅਤੇ ਇਸ ਦੀ ਜਾਤੀ ਔੜਵ ਸੰਪੂਰਨ ਹੈ। ਇਸ ਰਾਗ ਨੂੰ ਬਸੰਤ ਰੁੱਤ ਵਿਚ ਹਰ ਵੇਲੇ ਗਾਇਆ ਵਜਾਇਆ ਜਾ ਸਕਦਾ ਹੈ। ਇਸ ਦਾ ਵਾਦੀ ਸੁਰ ਤਾਰ ਸਪਤਕ ਦਾ ਸ਼ੜਜ ਅਤੇ ਸੰਵਾਦੀ ਮਧਿਅਮ ਹੈ। ਇਸ ਦਾ ਆਰੋਹ : ਸ਼ੜਜ ਗੰਧਾਰ ਮਧਿਅਮ ਧੈਵਤ ਨਿਸ਼ਾਦ ਸ਼ੜਜ (ਤਾਰ ਸਪਤਕ), ਅਵਰੋਹ : ਸ਼ੜਜ (ਤਾਰ ਸਪਤਕ) ਨਿਸ਼ਾਦ ਧੈਵਤ ਪੰਚਮ ਮਧਿਅਮ, ਗੰਧਾਰ ਰਿਸ਼ਭ ਸ਼ੜਜ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੀ ਰਾਗ ਬਸੰਤ ਅਧੀਨ ਰਾਗ ਬਸੰਤ ਹਿੰਡੋਲ ਦਾ ਅੰਕਣ ਪੰਨਾ 1171 'ਤੇ ਕੀਤਾ ਗਿਆ ਹੈ ਜੋ ਬਸੰਤ ਅਤੇ ਹਿੰਡੋਲ ਰਾਗਾਂ ਦੇ ਮਿਸ਼ਰਣ ਤੋਂ ਬਣਿਆ ਹੈ। ਇਸ ਰਾਗ ਦੇ ਅੰਤਰਗਤ ਗੁਰੂ ਨਾਨਕ ਦੇਵ ਜੀ ਦੇ ਚਾਰ ਪਦੇ, ਇਕ ਅਸ਼ਟਪਦੀ; ਗੁਰੂ ਅਮਰਦਾਸ ਜੀ ਦੇ ਚਾਰ ਇਕ ਪਦਾ; ਗੁਰੂ ਰਾਮਦਾਸ ਜੀ ਪੰਜ ਪਦੇ ਇਕ ਅਸ਼ਟਪਦੀ; ਗੁਰੂ ਅਰਜਨ ਦੇਵ ਜੀ ਤਿੰਨ ਪਦੇ; ਤੇਗ ਬਹਾਦਰ ਜੀ ਦੇ ਪੰਜ ਪਦੇ; ਭਗਤ ਕਬੀਰ ਜੀ ਤੇ ਰਾਮਾਨੰਦ ਜੀ ਦਾ ਇਕ ਪਦਾ ਬਾਣੀ ਰੂਪ ਦਰਜ ਹੈ। ਗੁਰੂ ਗ੍ਰੰਥ ਸਾਹਿਬ ਵਿਚ ਬਸੰਤ ਹਿੰਡੋਲ ਘਰ 2 ਮਹਲਾ 5 ਅਤੇ ਬਸੰਤ ਮਹਲਾ 5 ਘਰ 2 ਹਿੰਡੋਲ ਆਦਿ ਸਿਰਲੇਖਾਂ ਅਧੀਨ ਇਸ ਰਾਗ ਨੂੰ ਅੰਕਿਤ ਕੀਤਾ ਗਿਆ ਹੈ। ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਵਿਚ ਰਾਗ ਬਸੰਤ ਅਤੇ ਰਾਗ ਹਿੰਡੋਲ ਦਾ ਵੱਖਰਾ-ਵੱਖਰਾ ਉਲੇਖ ਹੈ ਪਰੰਤੂ ਰਾਗ ਬਸੰਤ

ਹਿੰਡੋਲ ਦੇ ਬਾਰੇ ਵਿਚ ਸੁਤੰਤਰ ਰੂਪ ਵਿਚ ਕੋਈ ਉਲੇਖ ਪ੍ਰਾਪਤ ਨਹੀਂ ਹੁੰਦਾ। ਸਮਕਾਲੀ ਭਾਰਤੀ ਰਾਗ ਪਰੰਪਰਾ ਵਿਚ ਰਾਗ ਬਸੰਤ ਹਿੰਡੋਲ ਦਾ ਉਲੇਖ ਰਾਗ ਕੋਸ਼ ਅਤੇ ਰਾਗ ਵਿਆਕਰਣ ਵਿਚ ਮਿਲਦਾ ਹੈ।

ਬਸੰਤ ਹਿੰਡੋਲ ਰਾਗ ਦੇ ਨਾਦਾਤਮਕ ਸਰੂਪ ਸਬੰਧੀ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਹਨ। ਸੰਗੀਤ ਦੇ ਵਿਦਵਾਨਾਂ ਨੇ ਇਸ ਦੀ ਉਤਪਤੀ ਪੂਰਵੀ ਅਤੇ ਮਾਰਵਾ ਥਾਟ ਤੋਂ ਮੰਨੀ ਹੈ। ਉਨ੍ਹਾਂ ਅਨੁਸਾਰ ਬਸੰਤ ਹਿੰਡੋਲ ਦਾ ਆਪਣਾ ਸੁਤੰਤਰ ਰੂਪ ਹੋਣ ਕਰਕੇ ਇਹ ਆਪਣੀ ਅਲੱਗ ਹੋਂਦ ਰੱਖਦਾ ਹੈ। ਰਾਗ ਨਿਰਣਾਇਕ ਕਮੇਟੀ ਨੇ ਬਸੰਤ ਹਿੰਡੋਲ ਦੇ ਸਰੂਪ ਵਿਚ ਇਸ ਦੀ ਜਾਤੀ ਔੜਵ-ਸੰਪੂਰਨ ਪ੍ਰਵਾਨ ਕੀਤੀ ਹੈ। ਇਸ ਵਿਚ ਵਾਦੀ ਸ਼ੜਜ ਅਤੇ ਸੰਵਾਦੀ ਪੰਚਮ ਮੰਨਿਆ ਹੈ। ਇਸ ਰਾਗ ਵਿਚ ਰਿਸ਼ਭ ਕੋਮਲ, ਮਧਿਅਮ ਤੀਵਰ ਅਤੇ ਧੈਵਤ ਦੋਵੇਂ ਵਰਤੇ ਜਾਂਦੇ ਹਨ। ਇਸ ਦੇ ਆਰੋਹ ਵਿਚ ਰਿਸ਼ਭ-ਪੰਚਮ ਸੁਰ ਵਰਜਿਤ ਹਨ ਅਤੇ ਗਾਇਨ ਦਾ ਸਮਾਂ ਰਾਤ ਦਾ ਤੀਸਰਾ ਪਹਿਰ ਮੰਨਿਆ ਗਿਆ ਹੈ।

ਕੁਝ ਵਿਦਵਾਨਾਂ ਵਿਚ ਬਸੰਤ ਹਿੰਡੋਲ ਰਾਗ ਨੂੰ ਕਲਿਆਣ ਅੰਗ ਤੋਂ ਗਾਉਣ ਦੀ ਪ੍ਰਥਾ ਹੈ। ਇਸ ਵਿਚ ਰਾਗ ਦਾ ਵਾਦੀ ਸੁਰ ਸ਼ੜਜ ਸੰਵਾਦੀ ਗੰਧਾਰ ਅਤੇ ਗਾਇਨ ਸਮਾਂ ਬਸੰਤ ਰੁੱਤ ਦਾ ਮੰਨਿਆ ਜਾਂਦਾ ਹੈ। ਇਸ ਆਰੋਹ-ਅਵਰੋਹ ਵਿਚ 'ਰੇ' ਅਤੇ 'ਪ' ਸੁਰ ਵਰਜਿਤ ਹੋਣ ਕਰਕੇ ਇਸ ਰਾਗ ਦੀ ਜਾਤੀ ਔੜਵ-ਔੜਵ ਮੰਨੀ ਗਈ ਹੈ।

ਬਸੰਤ ਹਿੰਡੋਲ ਰਾਗ ਦਾ ਇਕ ਹੋਰ ਸਰੂਪ ਮਾਰਵਾ ਥਾਟ ਮਿਲਦਾ ਹੈ। ਇਸ ਰਾਗ ਦੇ ਆਰੋਹ ਵਿਚ ਪੰਚਮ ਤੇ ਨਿਸ਼ਾਦ ਅਤੇ ਅਵਰੋਹ ਵਿਚ ਪੰਚਮ ਸੁਰ ਵਰਜਿਤ ਕਰਕੇ ਇਸ ਦੀ ਜਾਤੀ ਔੜਵ-ਸ਼ਾੜਵ ਮੰਨੀ ਗਈ ਹੈ। ਇਸ ਰਾਗ ਦਾ ਵਾਦੀ ਸੁਰ ਗੰਧਾਰ ਤੇ ਸੰਵਾਦੀ ਧੈਵਤ ਮੰਨਿਆ ਗਿਆ ਹੈ। ਇਸ ਦਾ ਗਾਇਨ ਸਮਾਂ ਅੱਧੀ ਰਾਤ ਤੋਂ ਬਾਅਦ ਦਾ ਮੰਨਿਆ ਗਿਆ ਹੈ।

ਉਕਤ ਰਾਗਾਂ ਦੇ ਅਧੀਨ 20ਵੀਂ ਸਦੀ ਦੇ ਪ੍ਰਮੁੱਖ ਰਚਨਾਕਾਰ ਸ੍ਰ. ਗਿਆਨ ਸਿੰਘ ਐਬਟਾਬਾਦ, ਪ੍ਰੋ. ਤਾਰਾ ਸਿੰਘ, ਰਾਗੀ ਜਸਵੰਤ ਸਿੰਘ ਤੀਵਰ, ਸੰਤ ਸਰਵਣ ਸਿੰਘ ਗੰਧਰਵ, ਪ੍ਰਿੰ. ਦਿਆਲ ਸਿੰਘ, ਡਾ. ਜਾਗੀਰ ਸਿੰਘ, ਪ੍ਰੋ. ਕਰਤਾਰ ਸਿੰਘ, ਡਾ. ਗੁਰਨਾਮ ਸਿੰਘ, ਪ੍ਰੋ. ਪਰਮਜੋਤ ਸਿੰਘ, ਪ੍ਰੋ. ਹਰਮਿੰਦਰ ਸਿੰਘ, ਆਦਿ ਦੀਆਂ ਸੁਰਲਿਪੀਬੱਧ ਰਚਨਾਵਾਂ ਮਿਲਦੀਆਂ ਹਨ।

ਉਕਤ ਰਾਗਾਂ ਨੂੰ ਗੁਰੂ ਘਰ ਦੇ ਕੀਰਤਨੀਆਂ, ਰਾਗੀਆਂ ਤੇ ਸੰਗੀਤਕਾਰਾਂ ਨੇ ਬਾਖੂਬੀ ਗਾਇਆ ਹੈ ਜਿਨ੍ਹਾਂ ਦੀ ਰਿਕਾਰਡਿੰਗ ਅਸੀਂ www.gurmatsangeetpup.com, www. sikh-relics.com, www.vismaadnaad.org ਵੈਬਸਾਈਟਸ ਤੇ ਸੁਣ ਸਕਦੇ ਹਾਂ।

ਭਾਰਤੀ ਰਾਗ ਧਿਆਨ ਪਰੰਪਰਾ ਵਿਚ ਰਾਗ ਬਸੰਤ ਦੇ ਚਿਤਰ ਉਪਲਬਧ ਹਨ। ਪ੍ਰਸਿੱਧ ਸਿੱਖ ਚਿੱਤਰਕਾਰ ਦੇਵਿੰਦਰ ਸਿੰਘ ਹੁਰਾਂ ਤੋਂ ਬਾਣੀ 'ਤੇ ਆਧਾਰਿਤ ਰਾਗਾਂ ਵਿਚ ਰਚਿਤ ਬਾਣੀ ਦੇ ਅਧਿਐਨ ਤੋਂ ਬਾਅਦ ਬਾਣੀ 'ਤੇ ਆਧਾਰਿਤ ਰਾਗਾਂ ਦੇ ਚਿੱਤਰ, ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਸਿਮ੍ਰਤੀ ਗ੍ਰੰਥ, 1992 ਲਈ ਤਿਆਰ ਕਰਵਾਏ ਗਏ ਸਨ, ਜਿਸ ਤੋਂ ਰਾਗਾਂ ਦੀ ਬਾਣੀ ਦੇ ਪ੍ਰਸੰਗ ਵਿਚ ਕਲਾਤਮਕ ਪਛਾਣ ਉਜਾਗਰ ਹੁੰਦੀ ਹੈ।

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

ਪਿਛਲੇ ਅੰਕ ਤੋਂ ਅੱਗੇ

# ਗੁਰੂ ਨਾਨਕ ਦੇਵ ਤੇ ਸੰਗੀਤ : ਇਤਿਹਾਸਕ ਪਰਿਪੇਖ

**ਡਾ. ਜਾਗੀਰ ਸਿੰਘ**

ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ॥ (ਗੁਰੂ ਗ੍ਰੰਥ ਸਾਹਿਬ ਪੰਨਾ 642)

**ਤਬ ਮਰਦਾਨਾ ਗੁਰੂ ਬਾਬੇ ਨਾਨਕ ਜੀ ਕੀ ਚਰਨੀ ਲਾਗਾ, ਕਹਣੇ ਲਾਗਾ, ਸੇ ਐਸੇ ਰਾਗ ਤੂੰ ਹੈ ਕਰਹਿ, ਤੁਮ ਹੀ ਤੇ ਐਸਾ ਰਾਗੁ ਹੋਇ ਜੀ, ਹੋਰ ਕਵਣੁ ਕਰਿ ਸਕੈ?**

ਮਿਹਰਬਾਨ ਵਾਲੀ ਜਨਮ ਸਾਖੀ ਦੀ ਦੂਜੀ ਜਿਲਦ ਵਿਚ ਅਸਲੀ ਅਤੇ ਨਕਲੀ ਸ਼ਰਧਾ ਨਾਲ ਕੀਰਤਨ ਕਰਨ ਨੂੰ ਦਰਸਾਉਣ ਵਾਲੀ ਇਕ ਸਾਖੀ ਅੰਗਦ ਜੀ ਦੀ ਰਾਹੀਂ ਮਿਹਰ ਮਿਲਦੀ ਹੈ:

**ਤਬ ਏਕ ਦਿਨਿ ਗੁਰੂ ਬਾਬਾ ਨਾਨਕੁ ਜੀ ਕਰਤਾਰ ਪੁਰਿ ਬੈਠਾ ਹੈ ਆਪਣੇ ਅਸਥਰ, ਵਿਖੇ। ਅਰੁ ਏਕੁ ਤੀਨਿ ਚਾਰਿ ਬੈਸਨਉ ਗਿਆਨੀ ਆਪਸ ਕਉ ਚਤੁਰ ਬੇਤੇ ਜਾਣਿ ਕਰਿ, ਗੁਰੂ ਬਾਬੇ ਕਉ ਆਇ ਮਿਲੈ। ਆਇ ਰਾਮ ਕ੍ਰਿਸਨੁ ਕਰਿ ਬੈਠੇ। ਤਬ ਗੁਰੂ ਬਾਬੇ ਉਨ ਕਉ ਬਹੁਤੁ ਆਦਰੁ ਕੀਆ। ਤਬ ਘੜੀ ਹੇਕ ਦੋਇ ਸਸਤਾਇ ਕਰਿ, ਉਇ ਉਠਿ ਕੀਰਤਨ ਕਰਨੇ ਲਾਗੇ ਰਾਗ ਕਉ ਭਲੀ ਭਾਂਤਿ ਆਲਾਪਿ ਕਰਿ ਅਰੁ ਰੀਝਿ ਰੀਝਿ ਅਖੀ ਮੀਟ ਕਰ ਲਾਗੇ ਗਾਵਣੈ ਅਰੁ ਗਾਵਿ ਗਾਵਿ ਸਾਥੈ ਅਰਥੁ ਲਾਗੇ ਸਮਝਾਵਣੇ, ਆਪ ਕਉ ਚਤੁਰ ਬੇਤੇ ਜਾਣਿ ਕਰਿ। ਤਬ ਗੁਰੂ ਅੰਗਦ, ਗੁਰੂ ਬਾਬੇ ਨਾਨਕ ਜੀ ਪਾਸਿ ਬੇਨਤੀ ਕਰੀ ਜਿ, ਜੀ ਪਾਤਸਾਹ ਏਹ ਤਉ ਬਹੁਤੁ ਹੀ ਬਹੁਤੁ ਉਮਗਿ ਉਮਗਿ ਕਰਿ ਰਾਗ ਕਉ ਗਾਵਤੇ ਹੈਂ, ਪਰੁ ਜੀ ਦੇਖਾਂ, ਏਨਾਂ ਕੇ ਮਨ ਕੀ ਬਾਤ ਕਿਉਂ ਕਰਿ ਹੈ? ਤਬ ਉਨ ਕੇ ਪ੍ਰਥਾਇ ਗੁਰੂ ਬਾਬਾ ਨਾਨਕੁ ਜੀ ਬਾਣੀ ਬੋਲਿ ਉਠਿਆ, ਆਸਾ ਰਾਗ ਮਹਿ ਜਿ:–**

ਗਾਵਹਿ ਗੀਤੇ ਚੀਤਿ ਅਨੀਤੇ॥ ਰਾਗ ਸੁਣਾਇ ਕਹਾਵਹਿ ਬੀਤੇ॥ (ਗੁਰੂ ਗ੍ਰੰਥ ਸਾਹਿਬ, ਪੰਨਾਂ 414

ਗੁਰੂ ਨਾਨਕ ਦੇਵ ਜੀ ਵੇਲੇ ਕੀਰਤਨ ਕਰਨ ਅਤੇ ਸੁਣਨ ਦੀ ਮਹੱਤਤਾ ਬਾਰੇ ਵੀ ਵਿਚਾਰਾਂ ਹੁੰਦੀਆਂ ਸਨ। ਕੀਰਤਨ ਦੀ ਮਹੱਤਤਾ ਬਾਰੇ ਸਿੱਖਾਂ ਦੀ ਭਗਤਮਾਲਾ ਵਿਚ 'ਮਾਲੋ ਅਤੇ ਮਾਂਗਾ' ਦੋ ਸਿੱਖਾਂ ਦੀ ਸਾਖੀ ਵਿਚ ਬਾਕੀ ਕਰਮਾਂ ਦੇ ਮੁਕਾਬਲੇ ਤੇ ਕੀਰਤਨ ਫਲ ਦੀ ਮਹਿਮਾਂ ਨੂੰ ਬੜੇ ਸੁੰਦਰ ਦ੍ਰਿਸ਼ਟਾਂਤਾਂ: ਨਾਲ ਵਾਰਤਾਲਾਪ ਰੂਪ ਵਿਚ ਇਉਂ ਦਰਸਾਇਆ ਗਿਆ ਹੈ:

**'ਤੁਸਾਂ ਬਚਨ ਕੀਤਾ ਹੈ ਜੇ ਕਰਮ ਸੁਗਮ ਹੈ ਕਥਾ ਕੀਰਤਨ, ਤੇ ਫਲੁ ਵਡਾ ਹੈ, ਏਹ ਅਸਾਡੇ ਸਮਝ ਵਿਚ ਕੈਸੇ ਆਵੇ? ਬਚਨ ਹੋਇਆ ਜੋ ਲਕੜਹਾਰੇ ਲੱਕੜੀਆਂ ਲਿਆਂਦੇ ਹੈਨਿ ਤੇ ਪਾਂਡੀ ਪੰਡਾਂ ਲਿਆਵੰਦੇ ਹੈਨ, ਸੋ ਮਜੂਰੀ ਵੱਡੀ ਕਰਦੇ ਹੈਨਿ ਤੇ ਨਫਾ ਥੋੜ੍ਹਾ ਹੁੰਦਾ ਹੈ ਤੇ ਜੋ ਲੂਣ ਅੰਨ ਦੀ ਹੱਟੀ ਕਰਦੇ ਹੈਨਿ, ਮਜੂਰੀ ਓਨ੍ਹਾਂ ਦੀ ਥੜ੍ਹੀ ਹੁੰਦੀ ਹੈ ਤੇ ਨਫਾ ਵਧੀਕ ਹੁੰਦਾ ਹੈ ਤੇ ਸਰਾਫ ਤੇ ਬਜਾਜ ਓਨ੍ਹਾਂ ਥੀਂ ਭੀ ਮਜੂਰੀ ਘਟ ਕਰਦੇ ਹੈਨਿ, ਭੂਖਣਾ ਤੇ ਰੁਪਯਾਂ ਦਾ ਸੌਦਾ ਕਰਦੇ ਹੈਨ ਤੇ ਨਫਾ ਬਹੁਤ ਹੁੰਦਾ ਹੈ ਤੇ ਜਵਾਹਰੀ ਹੀਰੇ ਮੋਤੀ ਦਾ ਸੌਦਾ ਕਰਦੇ ਹੈਨਿ ਤੇ ਸੁਖ ਨਾਲਿ ਬੈਠੇ ਰਹਿੰਦੇ ਹਨ, ਪਰ ਨਫਾ ਬਹੁਤ ਉਨ੍ਹਾਂ ਨੂੰ ਹੁੰਦਾ ਹੈ। ਤੇ ਜੋ ਉਨ੍ਹਾਂ ਦੀ ਸੇਵਾ ਕਰਦਾ ਹੈ ਸੋ ਭੀ ਮੋਤੀ ਹੀਰੇ ਦੀ ਪਰਖ ਸਿੱਖਦਾ ਹੈ। ਤੈਸੇ ਹੋਰ ਜੋ ਤਪ ਹੈਨਿ, ਸੋ ਸਰੀਰ ਉਪਰ ਕਸ਼ਟ ਹੁੰਦਾ ਹੈ ਤੇ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ ਕਥਾ ਕੀਰਤਨ ਦੇ ਪੜ੍ਹਨ ਸੁਣਨ ਕਰ ਪ੍ਰਿਥਮੈ ਤਾਂ ਉਪਾਸਨਾ ਦ੍ਰਿੜ ਹੁੰਦੀ ਹੈ, ਪਿੱਛੋਂ ਇਸ ਦੇ ਨਾਲ ਏਹੁ ਬਚਨੁ ਸੁਣਕੇ ਭਾਈ ਮਾਲੋ ਪੋਥੀ ਗੁਰੂ ਕੀ ਬਾਣੀ ਦੀ ਕਥਾ ਕਰੇ ਤੇ ਭਾਈ ਮਾਂਗਾ ਸਨਮੁੱਖ ਬੈਠ ਕੇ ਸਭ ਇੰਦ੍ਰੀਆਂ ਤੇ ਮਨ ਨੂੰ ਸੰਕੋਚ ਕੈ ਸੁਣੈ, ਤੇ ਦੋਨੋਂ ਮਿਲ ਕੇ ਫੇਰ ਕੀਰਤਨ ਕਰਨਿ ਤਾਂ ਉਹਨਾਂ ਦੀ ਰਸਨਾ ਥੀਂ ਐਸਾ ਸਭ ਸਿੱਖਾਂ ਨੂੰ ਰਸ ਆਵੈ ਕਿ ਜੋ ਕੋਈ ਸੁਣੇ, ਸਭ ਪਾਪਾਂ ਦਾ ਤਿਆਗੁ**

ਕਰਨਿ।"

ਕੀਰਤਨ ਦੀ ਮਹੱਤਤਾ ਬਾਰੇ ਇਕ ਹੋਰ ਸਾਖੀ ਵਿਚ ਕੀਰਤਨ ਕਰਨ ਵਾਲਿਆਂ ਬਾਰੇ ਹੀ ਨਹੀਂ ਸਗੋਂ ਸਰੋਤਿਆਂ ਬਾਰੇ ਵੀ ਚਰਚਾ ਕੀਤੀ ਗਈ ਹੈ:

**ਇਕ ਰਾਗ ਰਾਗਨੀਆਂ ਸਮਝਦੇ ਹੈਨ। ਇਕ ਸੁਰ ਨੂੰ ਸਮਝਦੇ ਹੈਨ॥ ਇਕ ਸਾਜ ਨੂੰ ਸਮਝਦੇ ਹੈਨ॥ ਇਕ ਸਬਦ ਦੇ ਤਾਤਪਰਜ ਨੂੰ ਸਮਝਦੇ ਹੈਨ॥ ਤੁਮ ਵਡੇ ਸ੍ਰੋਤੇ ਹੈ ਜੋ ਸਬਦ ਦੇ ਤਾਤਪਰਜ ਨੂੰ ਸਮਝਦੇ ਹੋ। ਕਾਗ ਭਸੁੰਡ ਕਹਿਆ ਉਤਮ ਹੈ ਕਿ ਮਹਾਰਾਜ ਦੇ ਕੀਰਤਨ ਦੇ ਤਾਤਪਰਜ ਨੂੰ ਸਮਝਦੇ ਹੈਂ, ਸੋ ਰਸ ਪਾਵਤੇ ਹੈਂ। ਜੋ ਰਾਗਾਂ ਨੂੰ ਤਾਰਾਂ ਸਮਝਦੇ ਹੈਂ ਸੋ ਛਿਲ ਖਾਤੇ ਹੈਂ।**

ਇਸ ਸਾਖੀ ਵਿਚ ਜਿੱਥੇ ਸਰੋਤੇ ਦਾ ਸਥਾਨ ਨਿਸ਼ਚਿਤ ਕੀਤਾ ਗਿਆ ਹੈ ਉਥੇ ਇਹ ਵੀ ਪਤਾ ਲਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸੰਗੀਤ ਨੂੰ ਬਾਣੀ ਦੇ ਅਧੀਨ ਰੱਖਿਆ ਹੈ ਜੋ ਗੁਰਮਤਿ ਸੰਗੀਤ ਦੀ ਇਕ ਵਿਸ਼ੇਸ਼ਤਾ ਹੈ।

ਸੰਗੀਤ ਨੂੰ ਵਿਵਹਾਰਕ ਰੂਪ ਵਿਚ ਪ੍ਰਚਲਤ ਕਰਨ ਲਈ ਗੁਰੂ ਨਾਨਕ ਦੇਵ ਜੀ ਨੇ ਆਪਣਾ ਸਾਥੀ ਭਾਈ ਮਰਦਾਨਾ ਜੀ ਨੂੰ ਚੁਣਿਆ। ਭਾਈ ਮਰਦਾਨਾ ਗੁਰੂ ਨਾਨਕ ਦੇਵ ਜੀ ਦਾ ਨਿਕਟਵਰਤੀ ਸਾਥੀ ਸੀ, ਉਹ ਅਨਿਨ ਸੇਵਕ ਹੋਣ ਦੇ ਨਾਲ ਨਾਲ ਇਕ ਰਬਾਬੀ ਵੀ ਸੀ। ਸਿੱਖ ਇਤਿਹਾਸ ਵਿਚ ਭਾਈ ਮਰਦਾਨਾ ਜੀ ਦਾ ਨਾਮ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਇਹ ਇਕ ਇਤਿਹਾਸਕ ਸੱਚਾਈ ਹੈ ਕਿ ਜਿਤਨਾ ਸਮਾਂ ਭਾਈ ਮਰਦਾਨਾ ਨੇ ਗੁਰੂ ਨਾਨਕ ਜੀ ਦੇ ਨੇੜੇ ਰਹਿ ਕੇ ਗੁਜਾਰਿਆ ਹੈ ਉਤਨਾ ਸਮਾਂ ਗੁਰੂ ਸਾਹਿਬ ਦੇ ਨਿਕਟ ਰਹਿਣ ਦਾ ਹੋਰ ਕਿਸੇ ਵਿਅਕਤੀ ਨੂੰ ਪ੍ਰਾਪਤ ਨਹੀਂ ਹੋਇਆ।

ਭਾਈ ਮਰਦਾਨਾ ਰਬਾਬ ਵਜਾਉਣ ਵਿਚ ਪ੍ਰਬੀਨ ਸੀ। ਇਸ ਬਾਰੇ ਭਾਈ ਗੁਰਦਾਸ ਜੀ ਨੇ ਵੀ ਲਿਖਿਆ ਹੈ:

**ਭਲਾ ਰਬਾਬ ਵਜਾਇਦਾ ਮਜਲਸ ਮਰਦਾਨਾ ਮੀਰਾਸੀ॥ (ਭਾਈ ਗੁਰਦਾਸ, ਵਾਰ 2, ਪਉੜੀ 13)**

ਭਾਈ ਬਾਲੇ ਵਾਲੀ ਜਨਮ ਸਾਖੀ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਮਰਦਾਨੇ ਨੂੰ ਤਾਰ ਦਾ ਗੁਣ ਦਿੱਤਾ ਸੀ। ਗੁਰੂ ਸਾਹਿਬ ਦੇ ਵਿਆਹ ਸਮੇਂ ਦਾ ਪ੍ਰਸੰਗ ਇਸ ਜਨਮ ਸਾਖੀ ਵਿਚ ਇੰਝ ਬਿਆਨ ਕੀਤਾ ਹੈ:

**ਵਿਦਾ ਹੋਵਣਿ ਲਗੇ ਤਾਂ ਮਰਦਾਨੇ ਡੂਮਿ ਆਖਿਆ ਨਾਨਕ ਜੀ ਕੁਝ ਸਾਨੂੰ ਆਪਣੀ ਵੱਲੋਂ ਦੇਹਿ। ਤਾਂ ਨਾਨਕ ਜੀ ਕਹਿਆ ਆਖੁ ਮਰਦਾਨਾ ਕਿਆ ਲੈਨਾ ਹੈ। ਅਸਾਂ ਤੇਰੇ ਨਾਲਿ ਕੰਮ ਹੈ। ਮਰਦਾਨੇ ਕਹਿਆ ਮੈਨੂੰ ਕਾਈ ਭਲੀ ਵਸਤ ਦੇਹਿ। ਤਾਂ ਨਾਨਕ ਜੀ ਕਹਿਆ ਭਲੀ ਵਸਤੂ ਤੇ ਰੰਜੁ ਹੋਸੀ। ਮਰਦਾਨੇ ਕਹਿਆ ਜੀ ਤੂ ਭਲੀ ਵਸਤੂ ਦੇਹਿਗਾ ਤਾਂ ਮੈਂ ਕਿਉਂ ਰੰਜੁ ਹੋਵਾਂਗਾ, ਤਾਂ ਨਾਨਕ ਜੀ ਆਖਿਆ ਤੁਸੀਂ ਮਿਰਾਸੀ ਹੋ। ਤੁਸੀਂ ਖੋਟੇ ਪੈਸੇ ਅਤੇ ਕਪੜੇ ਉੱਤੇ ਖੁਸੀ ਹੋਂਦੇ ਹਹੁ। ਅਗਲੀ ਗਲਿ ਜਾਣਦੇ ਨਾਹੀ। ਮਰਦਾਨੇ ਕਹਿਆ ਜੀ ਕਾਈ ਭਲੀ ਵਸਤ ਤੂੰ ਜਾਣਦਾ ਹੈ ਸਾਈ ਦੇਹਿ। ਨਾਨਕ ਜੀ ਕਹਿਆ ਅਸਾਂ ਤੈਨੂੰ ਤਾਰ ਦਾ ਗੁਣ ਦਿੱਤਾ। ਏਹੁ ਅਸਾਨੂੰ ਲੋੜੀਦਾ ਆਹਾ। ਤਾਂ ਮਰਦਾਨੇ ਉਠਿ ਕੈ ਤਾਜੀਮ ਕੀਤੀ। ਫਿਰਿ ਨਾਨਕ ਜੀ ਗਲੋਂ ਚੋਲਣਾ ਲਾਹਿ ਲੈ ਮਰਦਾਨੇ ਦੇ ਗਲਿ ਪਾਇਆ ਅਤੇ ਮਰਦਾਨੇ ਨੂੰ ਆਖਿਆ ਮਰਦਾਨਿਆਂ ਇਕ ਅਸਾਡਾ ਬਚਨ ਮੰਨ। ਮਰਦਾਨੇ ਆਖਿਆ ਜੀ ਫੁਰਮਾਈਐ। ਮਰਦਾਨਾ ਤੂੰ ਵੇਦੀਆਂ ਦਾ ਮਿਰਾਸੀ ਹਹਿ ਹੋਰਸ ਥੇ ਨਾਹੀ ਮੰਗਣਾ। ਮਰਦਾਨੇ ਕਹਿਆ ਭਲਾ ਜੀ ਤੁਸੀਂ ਅਸਾਡੀ ਸਾਰ ਵਿਚਿ ਰਹਹੁ। ਤਾਂ ਨਾਨਕ ਜੀ ਕਹਿਆ ਮਰਦਾਨੇ ਕਰਤਾਰ ਸਭਨਾ ਦੀ ਸਾਰ ਵਿਚਿ ਹੈ।**

ਜਦੋਂ ਗੁਰੂ ਨਾਨਕ ਦੇਵ ਜੀ ਤਵਲੰਡੀ ਤੋਂ ਸੁਲਤਾਨਪੁਰ ਲੋਧੀ ਆ ਗਏ ਤਾਂ ਮਰਦਾਨਾ ਜੀ ਵੀ ਨਾਲ ਹੀ ਆ ਗਏ। ਇਥੇ ਉਹ ਗੁਰੂ ਨਾਨਕ ਦੇਵ ਜੀ ਨਾਲ ਕੀਰਤਨ ਸਮੇਂ ਰਬਾਬ ਵਜਾਉਂਦੇ। ਮਰਦਾਨਾ ਜੀ ਨੂੰ ਆਪਣੇ ਨਾਲ ਰੱਖਣ ਸੰਬੰਧੀ ਘਟਨਾ ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਵਿਚ ਇੰਝ ਲਿਖੀ ਹੈ- **ਅਰ ਇਕ ਦਿਨ ਮਰਦਾਨਾ ਮਿਰਾਸੀ ਬਾਬੇ ਨੂੰ ਆਣ ਮਿਲਿਆ ਸੋ ਤਕ ਲੋਕ ਫਰੀਦ ਜੀ ਦੀ ਜਾਰਤ ਨੂੰ ਜਾਂਦੇ ਸਨ ਤਾਂ ਮਰਦਾਨੇ ਕਹਿਆ, ਬਾਬਾ ਜੀ ਜੇ ਤੂੰ ਚਲੇਂ ਅਸੀਂ ਵੀ ਜਾਤ੍ਰਾ ਵਾਲਿਆਂ ਨਾਲ ਜਾਰਤ ਕਰ ਆਈਏ। ਤਾਂ ਬਾਬੇ ਆਖਿਆ ਜੇ ਤੂੰ ਅਸਾਡੇ ਨਾਲ ਪੱਕੀ ਰਿਫਾਕਤ ਕਰੇਂ ਤਾਂ ਅਸੀਂ ਜਾਈਏ, ਤਾਂ ਉਸ ਆਖਿਆ ਜਿ ਜੇ ਤੂੰ ਮੇਰੀ ਅਤੇ ਮੇਰੇ ਕੁਟੰਬੀਆਂ ਦੀ ਖਬਰ ਲਵੇਂ ਤਾਂ ਮੈਂ ਕਿਉਂ ਨਹੀਂ ਰਿਫਾਕਤ ਕਰਦਾ। ਤਾਂ ਬਾਰੇ ਕਹਿਆ ਰਾਗ ਤੂੰ ਜਿਹੜਾ**

**ਜਾਣਦਾ ਹੈਂ ਸੋ ਇਹੋ ਸਬਦ ਰਾਗ ਪਾਇਕੇ ਨਿਹਕਾਮ ਹੋ ਕੇ ਗਾਵੇਂਗਾ ਤਾਂ ਤੇਰਾ ਪਰਲੋਕ ਸਿਧ ਹੋਵੇਗਾ ਤੇ ਜੇ ਇਹੋ ਸਬਦ ਤੇਰੇ ਵੰਸ ਵਾਲੇ ਗਾਵਨਗੇ ਤਾਂ ਉਨਕਾ ਵਿਹਾਰ ਸਿਧ ਹੋਵੇਗਾ।**

ਇਸ ਤਰ੍ਹਾਂ ਭਾਈ ਮਰਦਾਨਾ ਗੁਰੂ ਨਾਨਕ ਦੇਵ ਜੀ ਦੇ ਅੰਗ ਸੰਗ ਰਹਿਣ ਲੱਗ ਪਿਆ। ਗੁਰੂ ਨਾਨਕ ਦੇਵ ਜੀ ਦੇ ਜੀਵਨ ਸਮਾਚਾਰਾਂ ਵਿਚ ਮਰਦਾਨੇ ਦੀ ਅਹਿਮ ਭੂਮਿਕਾ ਹੈ। ਗੁਰਮਤ ਦੇ ਰਹੱਸਾਂ ਨੂੰ ਸਮਝਣ ਸਮਝਾਉਣ ਹਿਤ ਉਹ ਇਕ ਵਿਸ਼ੇਸ਼ ਵਿਅਕਤੀ ਵਜੋਂ ਨਜ਼ਰ ਆਉਂਦਾ ਹੈ।

ਜਿਹੜਾ ਰਬਾਬ ਮਰਦਾਨਾ ਜੀ ਨੇ ਗੁਰੂ ਨਾਨਕ ਦੇਵ ਜੀ ਨਾਲ ਵਜਾਇਆ ਉਸ ਦੀ ਪ੍ਰਾਪਤੀ ਦੀ ਸਾਖੀ ਬੜੀ ਭਾਵਪੂਰਤ ਹੈ। ਇਹ ਸਾਖੀ ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਲਿਖੀ ਹੈ। ਇਸ ਦੇ ਕੁਝ ਅੰਸ਼ ਦੇਣ ਉਚਿਤ ਹੋਣਗੇ-

**ਨਾਨਕ ਆਖਿਆ ਮਰਦਾਨਿਆ ਤਾਰ ਵਜਾਉ। ਮਰਦਾਨੇ ਆਖਿਆ ਜੀ ਮੈਂ ਤਾਰਿ ਕਦੀ ਨਾਹੀ ਵਜਾਈ। ਨਾਨਕ ਆਖਿਆ। ਸੁਣਿ ਮਰਦਾਨਾ ਅਸਾਂ ਤੈਨੂੰ ਤਾਰ ਦਾ ਗੁਣ ਦਿੱਤਾ ਸੀ। ਸੋ ਕਿਥੇ ਘਤਿਓ? ਮਰਦਾਨੇ ਕਹਿਆ, ਜੀ ਮੈਂ ਤਾ ਵੇਚਿ ਨਾਹੀ ਖਾਧਾ, ਜਿਥੈ ਰਖਿਆ ਹੈ ਤਿਥਉ ਪਇਆ ਹੋਗਾ। ਨਾਨਕ ਕਹਿਆ ਵਜਾਇ ਮਰਦਾਨਾ। ਮਰਦਾਨੇ ਪਾਸਿ ਰਬਾਬ ਨਾਹਾ। ਮਰਦਾਨੇ ਹੁਕਮੁ ਮੰਨਿਆ, ਮਰਦਾਨਾ ਸਹਰ ਵਿਚਿ ਆਇਆ। ਆਇ ਕਰਿ ਲਗਾ ਕੋਈ ਢਾਢੀ ਟੋਲਣ। ਦੇਖੇ ਤਾਂ ਹਿਕੁ ਡੂਮਿ ਦਾ ਹਿਕਸੁ ਪਠਾਣ ਅਗੇ ਬੈਠਾ ਗਾਵਿਦਾ ਹੈ ਅਤੇ ਮੰਝੋਲਾ ਰਬਾਬ ਹਥਿ ਵਜਾਂਵਦਾ ਹੈ। ਮਰਦਾਨੇ ਉਸ ਨੂੰ ਦੁਆਇ ਸਲਾਮ ਦਿਤੋਸੁ। ਤਿਚਰਾਂ ਪਠਾਣ ਉਠਿ ਖੜਾ ਹੋਇਆ, ਤਾਂ ਮਰਦਾਨੇ ਉਸ ਨੋ ਆਖਿਆ ਚਲ ਭਾਈ ਮਿਰਾਸੀ। ਹਿਕ ਬੰਦਾ ਖੁਦਾਇ ਤਾਂ ਤੈਨੂੰ ਸਦਦਾ ਹੈ। ਓਹੁ ਮਿਰਾਸੀ ਉਠਿ ਖੜਾ ਹੋਇਆ।....ਮਰਦਾਨਾ ਲੈ ਕਰਿ ਉਸ ਨੂੰ ਨਾਨਕ ਪਾਸ ਆਇ ਬੈਠਾ। ਉਸ ਨੂੰ ਆਖਿਓਸੁ ਭਾਈ ਵਜਉ। ਗੁਰੂ ਨਾਨਕ ਦੀ ਸਮਾਧ ਲਗੀ ਹੋਈ ਆਹੀ। ਜਾਂ ਉਸ ਡੂਮੇਟੇ ਤਾਰ ਵਜਾਈ ਤਾਂ ਨਾਨਕ ਅਖੀਆ ਖੋਲੀਆਂ, ਆਖਿਓਸੁ। ਵੋ ਮਰਦਾਨਾ ਤੂੰ ਵਜਾਇ। ਮਰਦਾਨੇ ਹੁਕਮੁ ਮੰਨਿਆ। ਮਰਦਾਨਾ ਤਾਰ ਵਜਾਇ ਨਾ ਸਾ ਜਾਣਦਾ ਮਰਦਾਨਾ ਲਗਾ ਵਜਾਵਣ। ਮਰਦਾਨੇ ਇਜੇਹੀ ਤਾਰਿ ਵਜਾਹੀ ਜੋ ਜੰਗਲ ਦੇ ਮਿਰਗਿ ਬਿਸੁਧੁ ਹੋਇ ਕੇ ਢਹਿ ਪਏ। ਗੁਰੂ ਨਾਨਕ ਬਹੁਤ ਰੀਝਾਇਆ ਅਤੇ ਮਰਦਾਨਾ ਆਪਣਾ ਜੀ ਵਿਚਿ ਬਹੁਤ ਰਾਜੀ ਹੋਆ, ਜਾਣੇ ਜੋ ਮੈਂ ਤਾਂ ਵਜਾਇ ਨਾਹਾ ਜਾਣਦਾ ਅਤੇ ਉਹੁ ਢਾਢੀ ਹੈਰਾਨੁ ਹੋਇ ਗਇਆ ਮੈਂ ਵਡੇ ਵਡੇ ਡਿਠੇ ਆਹਾ ਪਰ ਇਹ ਗੁਣ ਕਿਸੇ ਵੀ ਨਹੀਂ ਡਿਠਾ।...ਫਿਰ ਗੁਰੂ ਨਾਨਕ ਆਖਿਆ ਮਰਦਾਨਾ ਕੋਈ ਰਬਾਬ ਲੈ। ਤਾਂ ਮਰਦਾਨੇ ਨੇ ਆਖਿਆ, ਜੀ ਤੰਬੂਰਾ ਲਈਏ ਤਾਂ ਗੁਰੂ ਨਾਨਕ ਆਖਿਆ, ਮਰਦਾਨਾ ਰਬਾਬ ਗੁਰਮੁਖੀ ਢਢਿ ਅਤੈ ਹੋਰੁ ਜੁ ਵਾਜਾ ਹੈ ਸੋ ਸਭੋ ਵਿਕਾਰ ਹੈ। ਸੋ ਮਰਦਾਨੇ ਫਿਰਿ ਆਖਿਆ ਜੀ ਰਬਾਬ ਮਿਲੈ। ਤਾਂ ਫਿਰਿ ਗੁਰੂ ਨਾਨਕ ਆਖਿਆ ਮਰਦਾਨਾ ਸੁਆਲ ਕਰਨਾ ਭਲਾ ਨਾਹੀ। ਪਰ ਜ਼ਰੂਰਤ ਕਰਾਂਵਦੀ ਹੈ। ਜਾਇ ਕਰਿ ਬੇਬੇ ਜੀ ਪਾਸਿ ਆਖੁ ਜੋ ਬੇਬੇ ਜੀ ਨਾਨਕ ਕਹਿਆ ਤਉ ਉਤੇ ਸੁਆਲ ਕੀਤਾ ਹੈ ਜੋ ਮੰਨੇ ਤਾਂ ਆਖਾਂ ਅਤੇ ਨਾ ਮੰਨੇ ਤਾਂ ਨਾਹੀ ਆਖਿਦਾ। ਜੇ ਮੰਨਿਓ ਸੁ ਤਾਂ ਆਖੇ ਜੋ ਹਿਕੁ ਅਸਾਨੁ ਰਬਾਬ ਲੈ ਦੇ।...ਤਾਂ ਢਾਢੀ ਕਹਿਆ ਜੀ, ਏਹੁ ਰਬਾਬ ਹਾਜਰ ਹੈ। ਫਿਰਿ ਗੁਰੂ ਨਾਨਕ ਕਹਿਆ ਭਾਈ ਢਾਢੀ ਅਸਾਨੁ ਪਹੁਚਿਆ ਤੈ ਦਿਤਾ। ਪਰੁ ਏਹੁ ਅਸਾਡੇ ਕੰਮ ਤਾਂ ਨਾਹੀਂ। ਮਰਦਾਨਾ ਜਾਇ ਨਾਨਕੀ ਪਾਸ ਖੜਾ ਹੋਇਆ...ਮਰਦਾਨੇ ਆਖਿਆ ਜੀ ਹਿਕ ਰਬਾਬ ਜਿਤਨੇ ਤੇ ਮਿਲੇ ਤਿਤਨੇ ਤੇ ਲੈ ਦੇਉ। ਨਾਨਕੀ ਆਖਿਆ ਹਿਕੁ ਕਿਆ ਸਉ।...ਨਾਨਕੀ ਆਖਿਆ, ਭਾਈ ਮਰਦਾਨਾ, ਜੇਹੇ ਤੇਰੀ ਖੁਸੀ ਆਵੈ ਤੇਹੋ ਲਐ। ਮੁਲ ਦਾ ਸਰਫਾ ਨਾ ਕਰੀ।**

**(ਚਲਦਾ)**

# ਜ਼ਰੂਰੀ ਬੇਨਤੀ

ਜੇ ਇਹ ਮੈਗਜ਼ੀਨ ਆਪ ਨੂੰ ਚੰਗਾ ਲਗਦਾ ਹੈ ਤਾਂ ਮਾਇਕ ਸਹਾਇਤਾ ਭੇਜੋ ਜੀ। ਜੇ ਚੰਗਾ ਨਹੀਂ ਲਗਦਾ ਤਾਂ ਸਾਨੂੰ ਸੂਚਿਤ ਕਰੋ ਤਾਂ ਜੋ ਤੁਹਾਨੂੰ ਇਹ ਮੈਗਜ਼ੀਨ ਭੇਜਣਾ ਬੰਦ ਕਰ ਦਿੱਤਾ ਜਾਵੇ ਜੀ।

– ਸੰਪਾਦਕ : 09814053630

# ਸੰਗੀਤ ਪ੍ਰਕਾਸ਼ਨਾਵਾਂ ਅਤੇ ਸੰਗੀਤਾਚਾਰੀਆ ਪ੍ਰੋਫੈਸਰ ਤਾਰਾ ਸਿੰਘ

(ਪੰਜਾਬੀ ਭਾਸ਼ਾਈ ਸੰਗੀਤ ਪ੍ਰਕਾਸ਼ਨਾਵਾਂ ਦੇ ਵਿਸ਼ੇਸ਼ ਸੰਦਰਭ ਵਿੱਚੋਂ)

**ਡਾ. ਰਿਸ਼ਪਾਲ ਸਿੰਘ**

ਸੰਗੀਤ ਇਕ ਕਿਰਿਆਤਮਕ ਕਲਾ ਹੈ। ਸ਼ਾਸਤਰ ਅਤੇ ਕਿਰਿਆਤਮਕ ਨਾਮੀ ਦੋ ਥੰਮ ਇਸ ਕਲਾ ਦਾ ਅਧਾਰ ਹਨ। ਇਹਨਾਂ ਦੋਵਾਂ ਪੱਖਾਂ ਵਿੱਚ ਪ੍ਰਵੀਨਤਾ ਹਾਸਿਲ ਕਰਨਾ ਆਪਣੇ-ਆਪ ਵਿੱਚ ਇਕ ਚੁਣੌਤੀ ਹੈ। ਸੰਗੀਤ ਦੇ ਸਿਧਾਂਤਕ ਅਤੇ ਕਿਰਿਆਤਮਕ ਪੱਖ ਵਿੱਚ ਪ੍ਰਵੀਨ ਸੰਗੀਤਾਚਾਰੀਆ ਪ੍ਰੋਫੈਸਰ ਤਾਰਾ ਸਿੰਘ ਦਾ ਜਨਮ ਜਿਲ੍ਹਾ ਰੋਪੜ ਦੇ ਪਿੰਡ ਸਿੱਧੂਪੁਰ ਖੁਰਦ ਵਿੱਚ ਸਰਦਾਰ ਬਾਰਾ ਸਿੰਘ ਦੇ ਘਰ ਮਾਤਾ ਰਾਏ ਕੌਰ ਦੀ ਕੁਖੋਂ 18 ਸਤੰਬਰ 1919 ਨੂੰ ਹੋਇਆ।ਪ੍ਰੋਫੈਸਰ ਤਾਰਾ ਸਿੰਘ ਜੀ ਦਾ ਨਾਮ ਪੰਜਾਬ ਦੇ ਉਹਨਾ ਸਿਰਮੋਰ ਸੰਗੀਤਕਾਰਾਂ ਵਿੱਚੋਂ ਹੈ ਜਿਹਨਾਂ ਨੇ ਪੂਰਾ ਜੀਵਨ ਸ਼ਾਸ਼ਤਰੀ ਸੰਗੀਤ ਦੇ ਲੇਖੇ ਲਾ ਕੇ ਇਸ ਦੀ ਲਾਟ ਨੂੰ ਪੰਜਾਬ ਵਿੱਚ ਲੱਟ-ਲੱਟ ਬਲਦੇ ਰੱਖਿਆ। ਆਪ ਇੱਕ ਬਹੁਪੱਖੀ ਪ੍ਰਤਿਭਾ ਦੇ ਸੁਆਮੀ ਸਨ ਜਿਨ੍ਹਾਂ ਵਿੱਚੋਂ ਸੰਗੀਤ ਜਗਤ ਨੂੰ ਇਕ ਸ਼ਾਸ਼ਤਰਕਾਰ, ਵਾਗੇਆਕਾਰ, ਚਿੰਤਕ, ਲੇਖਕ, ਬੰਦਿਸ਼ਾਂ ਦੇ ਸੰਗ੍ਰਹਿ ਕਰਤਾ, ਵਾਦਨ ਰਚਨਕਾਰ, ਪ੍ਰਚਾਰਕ, ਗੁਰੂ ਅਤੇ ਸਰਪ੍ਰਸਤ ਮਿਲਿਆ।ਜਿੱਥੇ ਆਪ ਨੇ ਵਿਭਿੰਨ ਉਸਤਾਦਾਂ ਦੀ ਸ਼ਾਗਿਰਦੀ ਤੋਂ ਸੰਗੀਤਕ ਪ੍ਰਵੀਨਤਾ ਹਾਸਿਲ ਕਰਨ ਤੋਂ ਬਾਅਦ ਅਨੇਕ ਸ਼ਾਗਿਰਦ ਤਿਆਰ ਕੀਤੇ ਉੱਥੇ ਪੰਜਾਬ ਵਿੱਚ ਸੰਗੀਤ ਦੇ ਅਕਾਦਮਿਕ ਖੇਤਰ ਵਿੱਚ ਕੀਤਾ ਗਿਆ ਸਮੁੱਚਾ ਕਾਰਜ ਸਰਾਹੁਣ ਯੋਗ ਹੈ। ਪ੍ਰੋ. ਸਾਹਿਬ ਨੇ ਅਕਾਦਮਿਕ ਲੋੜਾਂ ਦੀ ਪੂਰਤੀ ਹਿੱਤ ਸੰਗੀਤ ਦੇ ਖੇਤਰ ਨਾਲ ਸਬੰਧਿਤ ਹਰ ਵਰਗ ਲਈ ਪੁਸਤਕਾਂ ਦੇ ਲੇਖਨ ਦਾ ਕਾਰਜ ਨੇਪਰੇ ਚਾੜ੍ਹਿਆ ਅਤੇ ਆਪਣੀ ਖੋਜ ਰੁਚੀ ਨੂੰ ਇਸ ਉਪਰ ਕੇਂਦਰਿਤ ਕੀਤਾ। ਆਪ ਜੀ ਨੇ ਸੰਗੀਤ ਦੀ ਦਿਸ਼ਾ ਅਤੇ ਦਸ਼ਾ ਨੂੰ ਧਿਆਨ ਵਿੱਚ ਰੱਖਦੇ ਹੋਏ ਬਹੁ-ਗਿਣਤੀ ਪੁਸਤਕਾਂ ਦੀ ਰਚਨਾ ਕੀਤੀ ਜਿਹਨਾਂ ਵਿੱਚੋਂ ਵਾਦਨ (ਅੱਠਵੀ ਸ਼੍ਰੇਣੀ ਲਈ), ਪੰਜਾਬ ਸਕੂਲ ਸਿੱਖਿਆ ਬੋਰਡ; ਵਾਦਨ ਕਲਾ (ਬੀ.ਏ. ਲਈ) ਪੰਜਾਬੀ ਯੂਨੀਵਰਸਿਟੀ, ਪਟਿਆਲਾ; ਸਿਤਾਰ ਤਿਰੰਗਣੀ (ਪੰਜਾਬ ਸਟੇਟ ਯੂਨੀ. ਟੈਕਸਟ ਬੁੱਕ ਬੋਰਡ); ਸੰਗੀਤ ਸ਼ਾਸ਼ਤਰ ਦੋ ਭਾਗ ਅਨੁਵਾਦ (ਪੰਜਾਬੀ ਯੂਨੀਵਰਸਿਟੀ, ਪਟਿਆਲਾ); ਪੰਜਾਬ ਦੇ ਪ੍ਰਸਿੱਧ ਸੰਗੀਤਕਾਰ (ਭਾਸ਼ਾ ਵਿਭਾਗ, ਪੰਜਾਬ)ਰਵਾਇਤੀ ਅਤੇ ਆਧੁਨਿਕ ਸੰਗੀਤ ਸਾਜ਼ (ਭਾਸ਼ਾ ਵਿਭਾਗ, ਪੰਜਾਬ); ਗੁਰੂ ਅਮਰਦਾਸ ਰਾਗ ਰਤਨਾਵਲੀ (ਲੋਕ ਸੰਪਰਕ ਵਿਭਾਗ, ਪੰਜਾਬ)ਗੁਰੂ ਰਾਮਦਾਸ ਰਾਗ ਰਤਨਾਵਲੀ (ਪੰਜਾਬੀ ਯੂਨੀਵਰਸਿਟੀ ਪਟਿਆਲਾ); ਗੁਰੂ ਅਰਜਨ ਦੇਵ ਰਾਗ ਰਤਨਾਵਲੀ (ਪੰਜਾਬੀ ਯੂਨੀਵਰਸਿਟੀ ਪਟਿਆਲਾ); ਗੁਰੂ ਤੇਗ ਬਹਾਦਰ ਰਾਗ ਰਤਨਾਵਲੀ (ਪੰਜਾਬੀ ਯੂਨੀਵਰਸਿਟੀ ਪਟਿਆਲਾ); ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ (ਪੰਜਾਬੀ ਯੂਨੀਵਰਸਿਟੀ ਪਟਿਆਲਾ); ਗੁਰੂ ਗੋਬਿੰਦ ਸਿੰਘ ਰਾਗ ਰਤਨਾਵਲੀ (ਅੰਮ੍ਰਿਤ ਕੀਰਤਨ ਟਰੱਸਟ ਚੰਡੀਗੜ੍ਹ) ਗੁਰੂ ਅਮਰਦਾਸ ਰਾਗ ਰਤਨਾਕਰ (ਗੁਰਮਤਿ ਸੰਗੀਤ ਪ੍ਰਕਾਸ਼ਨ, ਪਟਿਆਲਾ); ਪੜਤਾਲ ਗਾਇਕੀ(ਗੁਰਮਤਿ ਸੰਗੀਤ ਪ੍ਰਕਾਸ਼ਨ, ਪਟਿਆਲਾ) ਇਹਨਾਂ ਪੁਸਤਕਾਂ (ਜੋ ਉਪਲੱਬਧ ਹੋ ਸਕੀਆਂ)ਵਿੱਚਲੀ ਸਮਗਰੀ ਉੱਪਰ ਪੰਛੀ ਝਾਤ ਨਿਮਨਲਿਖਿਤ ਹੈ:

**ਵਾਦਨ ਕਲਾ** ਪੁਸਤਕ ਪ੍ਰੋ. ਤਾਰਾ ਸਿੰਘ ਅਤੇ ਸ੍ਰੀਮਤੀ ਸੁਰਜੀਤ ਕੌਰ ਦੀ ਰਚਨਾ ਹੈ । ਇਸ ਪੁਸਤਕ ਦਾ ਪ੍ਰਕਾਸ਼ਨ 1972 ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀਆਂ ਮੁੱਢਲੀਆਂ ਸੰਗੀਤਕ ਪੁਸਤਕਾਂ ਵਿੱਚ ਹੋਇਆ। ਇਹ ਪੁਸਤਕ ਪੰਜਾਬੀ ਭਾਸ਼ਾਈ ਸੰਗੀਤ ਪ੍ਰਕਾਸ਼ਨਾਵਾਂ ਦੀ ਪਲੇਠੀ ਮੌਲਿਕ ਪੁਸਤਕ ਕਹੀ ਜਾ ਸਕਦੀ ਹੈ। ਇਸ ਪੁਸਤਕ ਵਿੱਚੋ ਆਧੁਨਿਕ ਨਿਬੱਧ ਗਾਇਨ, ਅਵਿਰਭਾਵ-ਤਿਰੋਭਾਵ, ਅਲਪਤਵ-ਬਹੁਤਵ ਅਤੇ ਕੁਝ ਵਾਦਿਆਂ (ਤਾਨਪੁਰਾ, ਸਿਤਾਰ, ਇਸਰਾਜ, ਬੰਸਰੀ, ਤਬਲਾ, ਪਖਾਵਜ, ਮਿਰਦੰਗ) ਨਾਲ ਸਬੰਧਿਤ ਜਾਣਕਾਰੀ ਪ੍ਰਾਪਤ ਹੁੰਦੀ ਹੈ। ਲੇਖਕ ਨੇ ਸਹਾਇਕ ਨਾਦ ਦੀ ਚਰਚਾ ਕਰਦੇ ਹੋਏ ਤਾਨਾਂ ਅਤੇ ਤਾਨਾਂ ਦੇ ਪ੍ਰਕਾਰਾਂ ਤੋਂ ਸੰਗੀਤ ਪਾਠਕਾਂ ਨੂੰ ਜਾਣੂ ਕਰਵਾਇਆ ਹੈ। ਸੰਗੀਤ ਵਿੱਚ ਘਰਾਣਿਆਂ ਦੀ ਮਹੱਤਤਾ ਨੂੰ ਦੇਖਦੇ ਹੋਏ ਸਿਤਾਰ ਵਾਦਨ ਪ੍ਰਮੁੱਖ ਘਰਾਣਿਆਂ (ਦਿੱਲੀ ਘਰਾਣਾ, ਜੈਪੁਰ ਘਰਾਣਾ, ਲਖਨਊ ਘਰਾਣਾ ਅਤੇ ਰਾਮਪੁਰਾ ਘਰਾਣਾ); ਖਿਆਲ ਗਾਇਕੀ ਦੇ ਵਿਭਿੰਨ ਘਰਾਣਿਆਂ (ਗਵਾਲੀਅਰ ਘਰਾਣਾ, ਕਿਰਾਨਾ ਘਰਾਣਾ, ਜੈਪੁਰ ਘਰਾਣਾ, ਆਗਰਾ ਘਰਾਣਾ) ਦੀ ਸੰਗੀਤਕ ਦੇਣ ਤੋਂ ਅਵਗਤ ਕਰਵਾਇਆ ਹੈ। ਇਹ ਪੁਸਤਕ ਵਾਦਨ ਸੰਗੀਤ ਦੇ ਨਾਲ-ਨਾਲ ਗਾਇਨ ਸੰਗੀਤ ਨਾਲ ਵੀ ਸਬੰਧਿਤ ਹੈ। ਇਸ ਪੁਸਤਕ ਦਾ ਦੂਜਾ ਭਾਗ ਕਿਰਿਆਤਮਕ ਪੱਖ ਤੋਂ ਬਹੁਤ ਹੀ ਪ੍ਰਬਲ ਹੈ ਜਿਸ ਰਾਗ ਵਿੱਚ ਗੌਂਡ ਸਾਰੰਗ, ਸ਼ੁੱਧ ਕਲਿਆਣ, ਬਹਾਰ, ਜੈਜਾਵੰਤੀ, ਮਾਲਕੌਂਸ, ਰਾਮਕਲੀ ਆਦਿ ਰਾਗਾਂ ਵਿੱਚ ਆਲਾਪ ਜੋੜ-ਆਲਾਪ, ਗਤਾਂ ਅਤੇ ਤੋੜੇ ਸਵਰਲਿਪੀਬੱਧ ਕੀਤੇ ਗਏ ਹਨ। ਭਾਰਤੀ ਸੰਗੀਤ ਦੇ ਕੁਝ ਵਿਦਵਾਨ ਸੰਗੀਤਕਾਰਾਂ ਭਰਤ, ਸਾਰੰਗਦੇਵ, ਫੈਆਜ ਖਾਂ, ਹੱਦੂ ਖਾਂ, ਵੀ.ਡੀ. ਪੁਲਸਕਰ, ਅਬਦੁਲ ਕਰੀਮ ਖਾਂ, ਵਿਲਾਇਤ ਖਾਂ ਸਾਹਿਬ ਆਦਿ ਦੇ ਸੰਗੀਤਕ ਯੋਗਦਾਨ ਨੂੰ ਪੁਸਤਕ ਦਾ ਸਿੰਗਾਰ ਬਣਾਇਆ ਹੈ। ਪੁਸਤਕ ਦਾ ਅੰਤਿਮ ਅਧਿਆਇ ਭਾਰਤੀ ਸੰਗੀਤ ਦੇ ਇਤਿਹਾਸਿਕ ਦ੍ਰਿਸ਼ਟੀਕੋਣ ਦਾ ਧਾਰਣੀ ਹੈ ਜਿਸ ਵਿੱਚ ਸੰਗੀਤ ਕਲਾ ਦੇ ਵੱਖ-ਵੱਖ ਕਾਲਾਂ ਅਨੁਸਾਰ ਇਤਿਹਾਸ ਦਾ ਵਰਨਣ ਮਿਲਦਾ ਹੈ।

**ਪੰਜਾਬ ਦੇ ਪ੍ਰਸਿੱਧ ਸੰਗੀਤਕਾਰ** ਪੁਸਤਕ ਸੰਗੀਤਾਚਾਰੀਆ ਪ੍ਰੋ. ਤਾਰਾ ਸਿੰਘ ਹੁਰਾਂ ਦੀ ਪੰਜਾਬੀਆਂ ਦੇ ਸੰਗੀਤ ਯੋਗਦਾਨ ਨੂੰ ਪ੍ਰਗਟਾਉਣ ਦਾ ਉਪਰਾਲਾ ਹੈ। ਇਸ ਪੁਸਤਕ ਵਿੱਚ ਸੰਗੀਤ ਦੀਆਂ ਪ੍ਰਣਾਲੀਆਂ, ਗਾਇਨ ਸ਼ੈਲੀਆਂ ਅਤੇ ਸੰਗੀਤ ਦੇ ਖੇਤਰ ਵਿੱਚ ਪੰਜਾਬੀਆਂ ਦੇ ਯੋਗਦਾਨ ਆਦਿ ਵਿਸ਼ੇ ਨਿਬੰਧਾਤਮਕ ਰੂਪ ਵਿੱਚ ਪ੍ਰਕਾਸ਼ਿਤ ਕੀਤੇ ਹਨ। ਪੁਸਤਕ ਵਿੱਚ ਭਾਈ ਮਰਦਾਨਾ, ਤਾਨਸੇਨ, ਪੰਡਤ ਗੁੱਜਰ ਰਾਮ, ਦਲੀਪ ਚੰਦਰ ਬੇਦੀ, ਮੀਆਂ ਕਾਦਰ ਬਖਸ਼, ਬੜੇ ਗੁਲਾਮ ਅਲੀ ਖਾਂ ਸਾਹਿਬ, ਕੁੰਦਨ ਲਾਲ ਸਹਿਗਲ, ਅਮਾਨਤ ਅਲੀ ਫਤਹਿ ਅਲੀ, ਮੁਹੰਮਦ ਸ਼ਰੀਫ, ਅੱਲਾ ਰੱਖਾ ਖਾਂ, ਤ੍ਰਿਲੋਚਨ ਸਿੰਘ, ਸਲਾਮਤ ਅਲੀ ਨਜਾਕਤ ਅਲੀ, ਸਰਬਜੀਤ ਕੌਰ ਆਦਿ ਦੇ ਸੰਗੀਤਕ ਯੋਗਦਾਨ ਨੂੰ ਦਰਸਾਇਆ ਹੈ।

**ਸਿਤਾਰ ਤਰੰਗਣੀ** ਪੁਸਤਕ ਦੇ ਕਰਤਾ ਪ੍ਰੋ. ਤਾਰਾ ਸਿੰਘ ਹਨ। ਇਸ ਪੁਸਤਕ ਦਾ ਪ੍ਰਕਾਸ਼ਨ ਪੰਜਾਬ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ ਵੱਲੋਂ ਲੇਖਕ ਦੇ ਅਕਾਲ ਚਲਾਣੇ ਤੋਂ ਬਾਅਦ ਸ਼੍ਰੀ ਮਤੀ ਸੁਰਜੀਤ ਕੌਰ ਦੇ ਯਤਨਾਂ ਸਦਕਾ ਸੰਭਵ ਹੋ ਸਕਿਆ। ਹੱਥਲੀ ਪੁਸਤਕ ਦੇ ਸੰਪਾਦਨ ਵਿੱਚ ਡਾ. ਮੋਹਨ ਸਿੰਘ 'ਰਤਨ' ਦੇ ਉਪਰਾਲੇ ਵੀ ਸਰਾਹੁਣਯੋਗ ਹਨ। ਸਿਤਾਰ ਤਰੰਗਣੀ ਪੁਸਤਕ ਵਿੱਚ ਸੰਗੀਤ ਲਿਪੀ, ਸੰਗੀਤ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਵਾਲੇ ਸੰਗੀਤਕਾਰਾਂ (ਸੁਆਮੀ ਹਰੀਦਾਸ, ਸਦਾਰੰਗ, ਅਦਾਰੰਗ, ਉਸਤਾਦ ਬੜੇ ਗੁਲਾਮ ਅਲੀ ਖਾਂ ਸਾਹਿਬ, ਪੰਡਿਤ ਅਹੋਬਲ, ਉਸਤਾਦ ਅਲਾਉਦੀਨ ਖਾਂ, ਉਸਤਾਦ ਇਨਾਇਤ ਖਾਂ ਅਤੇ ਪੰਡਿਤ ਰਵੀ ਸ਼ੰਕਰ) ਦਾ ਜੀਵਨ ਪਰਿਚੈ, ਸੰਗੀਤਕ ਸਾਜ਼ਾਂ ਦੇ ਪ੍ਰਕਾਰ, ਗਮਕ ਅਤੇ ਪ੍ਰਕਾਰ ਅਤੇ ਪ੍ਰਾਚੀਨ ਅਤੇ ਆਧੁਨਿਕ ਅਲਾਪ ਗਾਇਨ ਵਿਧੀ, ਰਾਗ ਅਤੇ ਸਮਾਂ, ਥਾਟ ਅਤੇ ਰਾਗ, ਦੇਸੀ ਅਤੇ ਮਾਰਗੀ ਸੰਗੀਤ ਨਾਲ ਸਬੰਧਿਤ ਸਮੱਗਰੀ

ਨੂੰ ਪ੍ਰਕਾਸ਼ਿਤ ਕੀਤਾ ਗਿਆ ਹੈ। ਪੁਸਤਕ ਦੇ ਕਿਰਿਆਤਮਕ ਪੱਖ ਵਿੱਚ 14 ਰਾਗਾਂ ਨੂੰ ਵੀ ਸਵਰਲਿਪੀਬੱਧ ਕੀਤਾ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ** ਪੁਸਤਕ ਗੁਰਮਤਿ ਸੰਗੀਤਾਚਾਰੀਆ ਪ੍ਰੋ: ਤਾਰਾ ਸਿੰਘ ਜੀ ਦੇ ਅਣਮੋਲ ਖਜ਼ਾਨੇ ਦਾ ਮਹੱਤਵਪੂਰਨ ਹਿੱਸਾ ਹੈ । ਇਸ ਪੁਸਤਕ ਦਾ ਪ੍ਰਕਾਸ਼ਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਰਾਹੀਂ 1991 ਵਿੱਚ ਕੀਤਾ ਗਿਆ ਹੈ। ਇਹ ਪੁਸਤਕ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਿਰਲੇਖ ਰੂਪ ਵਿੱਚ ਵਰਣਿਤ ਸਮੁੱਚੇ ਰਾਗਾਂ ਦੇ ਸਵਰੂਪਾਂ ਅਤੇ ਚੋਣਵੀਆਂ ਸੁਰਲਿੱਪੀਆਂ ਦੇ ਸੰਗ੍ਰਹਿ ਦਾ ਖਜਾਨਾ ਹੈ। ਪੁਸਤਕ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚਲੇ ਦੇ 31 ਰਾਗਾਂ ਨੂੰ ਸਵਰਲਿਪੀ ਬੱਧ ਕਰਨ ਦਾ ਯਤਨ ਕੀਤਾ ਹੈ। ਲੇਖਕ ਅਨੁਸਾਰ ਨਿਰਧਾਰਿਤ ਰਾਗਾਂ ਵਿੱਚ ਗੁਰਬਾਣੀ ਦਾ ਸੁਰ-ਤਾਲ ਬੱਧ, ਕੀਰਤਨ ਮਾਨਵ ਮਨ ਨੂੰ ਇਕਸੁਰ ਕਰਦਾ ਹੈ ਅਤੇ ਗੁਰੂ ਉਪਦੇਸ਼ ਨੂੰ ਹਿਰਦੇ ਵਿੱਚ ਵਸਾਉਣ ਦਾ ਸਾਧਨ ਬਣਦਾ ਹੈ। ਇਸ ਬਾਣੀ ਦੇ ਸੰਦੇਸ਼ ਨੂੰ ਸਮਝਣ, ਮੰਨਣ ਅਤੇ ਮਨ ਵਿੱਚ ਵਸਾਉਣ ਹਿਤ ਰਾਗਾਂ ਦਾ ਵਿਧੀਵਤ ਗਿਆਨ ਹੋਣਾ ਜਰੂਰੀ ਹੈ। ਗੁਰਮਤਿ ਵਿੱਚ ਰਾਗਾਂ ਦੀ ਮਹੱਤਤਾ ਨੂੰ ਸਮਝਦੇ ਹੋਏ ਪੁਸਤਕ ਵਿੱਚਲੀ ਸਮੁੱਚੀ ਸਮੱਗਰੀ ਨੂੰ ਰਾਗਾਤਮਕ ਢੰਗ ਨਾਲ ਪ੍ਰਕਾਸ਼ਿਤ ਕੀਤਾ ਹੈ। ਗਾਇਨ ਵਿੱਚ ਤਾਲ ਦੀ ਪ੍ਰਧਾਨਤਾ ਨੂੰ ਦੇਖਦੇ ਹੋਏ ਭਾਰਤੀ ਸੰਗੀਤ ਦੇ ਪ੍ਰਮੁੱਖ ਤਾਲਾਂ (ਦਾਦਰਾ, ਰੂਪਕ, ਕਹਿਰਵਾ, ਤਿੰਨਤਾਲ, ਚਾਰਤਾਲ, ਇਕਤਾਲ) ਦੀ ਜਾਣਕਾਰੀ ਦਿਤੀ ਹੈ ਅਤੇ ਨਾਲ-ਨਾਲ ਤਾਲ ਚਿੰਨ੍ਹਾਂ (ਸਮ, ਖਾਲੀ, ਤਾਲੀ, ਵਿਭਾਗ, ਸਮਾਪਤੀ ਦੇ ਚਿੰਨ੍ਹਾਂ) ਤੋਂ ਜਾਣੂੰ ਕਰਵਾਇਆ ਹੈ। ਭਾਰਤੀ ਸ਼ਾਸ਼ਤਰੀ ਸੰਗੀਤ ਦੀ ਸਵਰਲਿਪੀ ਪੱਧਤੀ ਦੇ ਚਿੰਨ੍ਹਾਂ ਸਬੰਧੀ ਜਾਣਕਾਰੀ ਦਿੰਦਿਆ ਹੋਇਆ ਕਿਸੇ ਸਵਰ ਉਪਰ ਠਹਿਰਾਵ, ਦੋ ਸਵਰਾਂ ਨੂੰ ਇੱਕਠੇ ਪ੍ਰਯੋਗ ਕਰਨਾ, ਮਧ ਸਪਤਕ, ਮੰਦ੍ਰ ਸਪਤਕ, ਤਾਰ ਸਪਤਕ ਦੇ ਸਵਰਾਂ ਦੇ ਉਚਾਰਨ ਦਾ ਵਿਧਾਨ ਦਸਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚਲੇ 31 ਰਾਗਾਂ ਦਾ ਸੰਪੂਰਨ ਇਤਿਹਾਸ, ਆਰੋਹ, ਅਵਰੋਹ, ਪਕੜ, ਮੁੱਖ ਅੰਗ, ਸੁਰ-ਵਿਸਤਾਰ, ਦੀ ਸੂਖਮ ਜਾਣਕਾਰੀ ਇਸ ਪੁਸਤਕ ਦੀ ਨਿਜੀ ਵਿਸ਼ੇਸ਼ਤਾ ਵੀ ਹੈ। ਪੁਸਤਕ ਵਿੱਚ ਗਉੜੀ ਰਾਗ ਦੇ 12 ਪ੍ਰਕਾਰਾਂ ਦਾ ਵਰਨਣ ਮਿਲਦਾ ਹੈ। ਇਸ ਪੁਸਤਕ ਵਿੱਚ ਰਾਗ ਸਿਰੀ, ਮਾਝ, ਗਉੜੀ, ਗਉੜੀ ਗੁਆਰੇਰੀ, ਗਉੜੀ, ਗਉੜੀ ਦੱਖਣੀ, ਗਉੜੀ ਚੇਤੀ, ਗਉੜੀ ਬੈਰਾਗਣਿ, ਗਉੜੀ ਦੀਪਕੀ, ਗਉੜੀ ਪੂਰਬੀ ਦੀਪਕੀ, ਗਉੜੀ ਪੂਰਬੀ, ਗਉੜੀ ਮਾਝ, ਗਉੜੀ, ਸੋਰਠਿ, ਆਸਾ, ਆਸਾਵਰੀ, ਆਸਾ ਕਾਫੀ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਦੱਖਣੀ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਤਿਲੰਗ ਕਾਫੀ, ਸੂਹੀ, ਲਲਿਤ, ਸੂਹੀ ਕਾਫੀ, ਸੂਹੀ ਲਲਿਤ, ਬਿਲਾਵਲ, ਦੱਖਣੀ ਬਿਲਾਵਲ, ਗੋਂਡ ਬਿਲਾਵਲ, ਗੋਂਡ ਰਾਮਕਲੀ, ਰਾਮਕਲੀ ਦੱਖਣੀ, ਰਾਮਕਲੀ ਆਨੰਦ, ਨਟ ਨਰਾਇਣ, ਨਟ ਮਾਲੀ ਗਉੜਾ, ਮਾਰੂ, ਮਾਰੂ ਕਾਫੀ, ਮਾਰੂ ਦੱਖਣੀ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਬਸੰਤ ਹਿੰਡੋਲ, ਹਿੰਡੋਲ, ਸਾਰੰਗ, ਰਾਗ ਮਲਾਰ, ਰਾਗ ਕਾਨੜ੍ਹਾ, ਰਾਗ ਕਲਿਆਣ, ਕਲਿਆਣ ਭੂਪਾਲੀ, ਪ੍ਰਭਾਤੀ ਬਿਭਾਸ, ਪ੍ਰਭਾਤੀ, ਬਿਭਾਸ, ਪ੍ਰਭਾਤੀ, ਦੱਖਣੀ ਬਿਭਾਸ ਪ੍ਰਭਾਤੀ ਜੈਜਾਵੰਤੀ ਰਾਗਾਂ ਨੂੰ ਸਵਰਤਾਲਬੱਧ ਕੀਤਾ ਹੈ। ਹੱਥਲੀ ਪੁਸਤਕ ਵਿੱਚ ਗੁਰਬਾਣੀ ਦੇ 31 ਰਾਗਾਂ ਨੂੰ ਅਤੇ ਇਹਨਾਂ ਰਾਗਾਂ ਦੇ ਪ੍ਰਕਾਰਾਂ ਨੂੰ ਮਿਲਾਕੇ ਕੁੱਲ 66 ਰਾਗਾਂ ਦੇ ਸ਼ਬਦਾਂ ਨੂੰ ਲਿੱਪੀਬੱਧ ਕੀਤਾ ਗਿਆ ਹੈ।

ਭਗਤ ਰਾਗ ਰਤਨਾਵਲੀ ਪੁਸਤਕ ਪ੍ਰੋ. ਤਾਰਾ ਸਿੰਘ ਜੀ ਦੀ ਗੁਰਮਤਿ ਸੰਗੀਤ ਸਾਧਨਾ ਦਾ ਮਹੱਤਵਪੂਰਨ ਅੰਗ ਹੈ ਜਿਸਨੂੰ ਗੁਰਮਤਿ ਸੰਗੀਤ ਪ੍ਰਕਾਸ਼ਨ, ਪਟਿਆਲਾ ਨੇ 1992 ਵਿੱਚ ਪ੍ਰਕਾਸ਼ਿਤ ਕੀਤਾ। ਪ੍ਰੋ. ਤਾਰਾ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਨਿਰਧਾਰਿਤ ਰਾਗਾਂ ਵਿੱਚ ਸੁਰਲਿਪੀਬੱਧ ਕਰਨ ਦਾ ਮਹਾਨ ਕਾਰਜ ਅਰੰਭਿਆ, ਇਹ ਪੁਸਤਕ ਉਸੇ ਲੜੀ ਦਾ ਵਿਸ਼ੇਸ਼ ਅੰਗ ਹੈ ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਭਿੰਨ-

ਭਿੰਨ ਸੰਤਾਂ, ਭਗਤਾਂ ਦੀ ਬਾਣੀ ਨੂੰ ਪ੍ਰੋਫੈਸਰ ਸਾਹਿਬ ਨੇ ਪਹਿਲਾਂ ਗਾਇਆ ਅਤੇ ਫਿਰ ਸਮੁੱਚੀ ਭਗਤਾਂ ਦੀ ਬਾਣੀ ਨੂੰ ਸਵਰਲਿਪੀਬੱਧ ਕਰਨ ਦਾ ਕਾਰਜ ਕੀਤਾ। ਪੁਸਤਕ ਦੀ ਅਰੰਭਤਾ ਵਿੱਚ ਲੇਖਕ ਨੇ ਪੁਸਤਕ ਵਿੱਚ ਪ੍ਰਯੋਗ ਹੋਣ ਵਾਲੇ ਰਾਗ ਅਤੇ ਤਾਲਾਂ ਤੋਂ ਜਾਣੂੰ ਕਰਵਾਇਆ ਹੈ। ਲੇਖਕ ਨੇ ਪੁਸਤਕ ਵਿੱਚ ਭਗਤ ਕਬੀਰ ਜੀ, ਭਗਤ ਨਾਮਦੇਵ, ਭਗਤ ਰਵੀਦਾਸ, ਭਗਤ ਤ੍ਰਿਲੋਚਨ , ਸ਼ੇਖ ਫਰੀਦ, ਭਗਤ ਪੀਪਾ, ਭਗਤ ਸਧਨਾ ਅਤੇ ਭਗਤ ਰਾਮਾਨੰਦ ਦੁਆਰਾ ਰਚਿਤ ਬਾਣੀ ਨੂੰ ਨਿਰਧਾਰਤ ਰਾਗ ਆਸਾ, ਗੁਜਰੀ, ਸੋਰਠਿ, ਧਨਾਸਰੀ, ਟੋਡੀ, ਤਿਲੰਗ, ਸੂਹੀ, ਸੂਹੀ ਲਲਿਤ, ਬਿਲਾਵਲ, ਗੋਡ, ਬਿਲਾਵਲ ਗੋਂਡ, ਰਾਮਕਲੀ, ਮਾਲੀ ਗਾਉੜਾ, ਮਾਰੂ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ ਅਤੇ ਰਾਗ ਪ੍ਰਭਾਤੀ ਵਿੱਚ ਲਿਪੀਬੱਧ ਕੀਤਾ ਹੈ।ਇਹ ਰਾਗ ਬੰਦਿਸ਼ਾਂ ਰੂਪਕ, ਦਾਦਰਾ, ਇਕਤਾਲ, ਤਿੰਨਤਾਲ ਅਤੇ ਝੱਪ ਤਾਲ ਵਿੱਚ ਨਿਬੱਧ ਹਨ।ਇਸ ਪੁਸਤਕ ਦੇ ਸਿਰਲੇਖ ਤੋਂ ਹੀ ਸ਼ਪਸਟ ਹੋ ਜਾਂਦਾ ਹੈ ਕਿ ਪੁਸਤਕ ਵਿੱਚਲੀ ਸਮਗਰੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਭਗਤਾਂ ਦੀ ਬਾਣੀ ਤੇ ਅਧਾਰਿਤ ਹੈ।

ਵਿਭਿੰਨ ਭਾਰਤੀ ਖਿਤਿਆ ਨਾਲ ਸਬੰਧਿਤ ਸੰਤਾਂ ਭਗਤਾਂ ਦੀ ਬਾਣੀ ਨਾਲ ਪੂਰਨ ਰੂਪ ਵਿੱਚ ਜੁੜਨਾ ਅਤੇ ਉਹਨਾਂ ਦੀਆਂ ਢੁੱਕਵੀਂਆਂ ਗਾਇਨ ਬੰਦਸ਼ਾਂ ਤਿਆਰ ਕਰਨੀਆਂ ਕਾਫੀ ਕਠਿਨ ਕਾਰਜ ਸੀ ਪਰੰਤੂ ਪ੍ਰੋਫੈਸਰ ਸਾਹਿਬ ਨੇ ਇਸ ਵੱਡਮੁੱਲੇ ਕਾਰਜ ਨੂੰ ਸਹਿਜੇ ਹੀ ਕਰ ਵਿਖਾਖਿਆ ।ਇਹਨਾਂ ਬੰਦਸ਼ਾ ਵਿੱਚ ਪ੍ਰਯੁਕਤ ਰਾਗਾਂ ਦੇ ਸਰੂਪ ਵਿੱਚ ਵਿਵਿਧਤਾ ਵੀ ਹੈ ਅਤੇ ਪ੍ਰਾਚੀਨਤਾ ਵੀ ।ਅਜਿਹੀਆਂ ਰਚਨਾਵਾਂ ਸਦਕਾ ਅੱਜ ਦਾ ਸੰਗੀਤ ਜਗਤ ਹਮੇਸ਼ਾ ਪ੍ਰੋਫੈਸਰ ਤਾਰਾ ਸਿੰਘ ਹੁਰਾਂ ਦਾ ਰਿਣੀ ਰਹੇਗਾ।

**ਗੁਰੂ ਗੋਬਿੰਦ ਸਿੰਘ ਰਾਗ ਰਤਨਾਵਲੀ** ਪੁਸਤਕ ਦੇ ਸੰਪਾਦਕ ਸ਼੍ਰੀਮਤੀ ਸੁਰਜੀਤ ਕੌਰ ਅਤੇ ਡਾ. ਗੁਰਨਾਮ ਸਿੰਘ ਹਨ ਜਿਨ੍ਹਾਂ ਨੇ 1994 ਵਿੱਚ ਸੰਗੀਤਚਾਰੀਆ ਪ੍ਰੋਫੈਸਰ ਤਾਰਾ ਸਿੰਘ ਜੀ ਦੁਆਰਾ ਕਲਮਬੱਧ ਕੀਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਾਵਿ ਨੂੰ ਪ੍ਰਕਾਸ਼ਤ ਰੂਪ ਵਿੱਚ ਸੰਗੀਤ ਪ੍ਰੇਮੀਆਂ ਸਾਹਵੇਂ ਭੇਂਟ ਕੀਤਾ। ਇਸਨੂੰ ਪ੍ਰਕਾਸ਼ਿਤ ਕਰਨ ਦਾ ਸਿਹਰਾ ਅੰਮ੍ਰਿਤ ਕੀਰਤਨ ਟਰੱਸਟ (ਜੋ ਕਿ ਡਾ: ਜਾਗੀਰ ਸਿੰਘ ਦੀ ਨਿਗਰਾਨੀ ਹੇਠ ਕਾਰਜਰਤ ਹੈ) ਨੂੰ ਜਾਂਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਧਿਆਤਮਕ ਸਾਹਿਤ ਨਾਲ ਸਬੰਧਤ ਦਸਮ ਗ੍ਰੰਥ ਅਤੇ ਸ੍ਰੀ ਸਰਬਲੋਹ ਨਾਮੀ ਦੋ ਮਹੱਤਵਪੂਰਨ ਗ੍ਰੰਥਾਂ ਦੀ ਰਚਨਾ ਕੀਤੀ ਜੋ ਅੱਜ ਸਾਡੇ ਬੀਰ ਰਸੀ ਅਧਿਆਤਮਕ ਕਾਵਿ ਦੀ ਪ੍ਰਤੀਨਿਧਤਾ ਕਰਦੇ ਆ ਰਹੇ ਹਨ। ਲੇਖਕ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚੌਣਵੀ ਬਾਣੀ ਨੂੰ ਸੁਰਲਿੱਪੀਬੱਧ ਕੀਤਾ। ਮੰਦੇ ਭਾਗਾਂ ਨੂੰ ਆਪਜੀ ਆਪਣੀ ਜੀਵਨ ਸਮਾਪਤੀ ਤੋਂ ਪਹਿਲਾਂ ਇਸ ਸੰਗ੍ਰਹਿ ਨੂੰ ਪ੍ਰਕਾਸ਼ਿਤ ਨਹੀਂ ਕਰਵਾ ਸਕੇ ਪਰੰਤੂ ਆਪ ਜੀ ਦੀ ਧਰਮ ਪਤਨੀ ਅਤੇ ਆਪ ਜੀ ਦੇ ਸ਼ਾਗਿਰਦਾਂ ਵੱਲੋਂ ਪੂਰਨ ਸਹਿਯੋਗ ਨਾਲ ਆਪ ਜੀ ਦੀਆਂ ਰਚਿਤ ਬੰਦਸ਼ਾਂ ਦੇ ਸੰਗ੍ਰਹਿ ਨੂੰ ਇੱਕਠਾ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਰਾਗ ਰਤਨਾਵਲੀ ਦੇ ਰੂਪ ਵਿੱਚ ਪੇਸ਼ ਕੀਤਾ ਗਿਆ। ਇਸ ਪੁਸਤਕ ਦੇ ਆਰੰਭ ਵਿੱਚ ਸ੍ਰੀ ਦਸਮ ਗ੍ਰੰਥ ਅਤੇ ਸ੍ਰੀ ਸਰਬਲੋਹ ਗ੍ਰੰਥ ਇੱਕ ਸੰਗੀਤਕ ਪਰਿਚੈ ਨਾਮੀ ਲੇਖ ਭਾਈ ਬਲਦੇਵ ਸਿੰਘ 'ਨਿਹੰਗ' ਦੀ ਕਲਮ ਤੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਜਿਸ ਤੋਂ ਸਾਨੂੰ ਇਹਨਾਂ ਦੋਵਾਂ ਗ੍ਰੰਥਾਂ ਦੀ ਸੰਗੀਤਕ ਮਹੱਤਤਾ ਦਾ ਪਤਾ ਚਲਦਾ ਹੈ। ਭਾਈ ਬਲਦੇਵ ਸਿੰਘ ਨੇ ਦਸਮ ਗ੍ਰੰਥ ਵਿੱਚ ਰਾਗ ਸ੍ਰੀ, ਸਾਰੰਗ, ਗਉੜੀ, ਭੈਰਵ, ਰਾਮਕਲੀ, ਗੂਜਰੀ, ਦੇਵਗੰਧਾਰੀ, ਪ੍ਰਭਾਤੀ, ਧਨਾਸਰੀ, ਸੂਹੀ, ਬਿਲਾਵਲ, ਮਾਝ, ਆਸਾ, ਆਸਾਵਰੀ, ਬਿਹਾਗੜਾ, ਮਾਰੂ, ਕਲਿਆਣ, ਪਰਜ, ਸੋਰਠਿ, ਜੈਤਸਰੀ, ਨਟ ਨਰਾਇਣ, ਗੋਂਡ, ਕਾਨੜਾ, ਤੁਖਾਰੀ, ਕੁੰਭ, ਮਲਾਰ ਅਤੇ ਬਸੰਤ ਆਦਿ ਦਾ ਪ੍ਰਯੋਗ ਹੋਣ ਦੀ ਗੱਲ ਆਖੀ ਹੈ। ਸ੍ਰੀ ਸਰਬਲੋਹ ਗ੍ਰੰਥ ਵਿੱਚ ਵੀ ਦਸਮ ਗ੍ਰੰਥ ਦੀ ਭਾਂਤੀ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉੱਚਤਮ ਪ੍ਰਤਿਭਾ ਦਾ ਪ੍ਰਤੱਖ ਪਰਮਾਣ ਮਿਲਦਾ ਹੈ। ਇਸਦੇ ਕਾਵਿ ਪ੍ਰਬੰਧ, ਛੰਦ, ਪਰਕਾਰਾਂ ਅਤੇ ਸੰਗੀਤਕ ਬਣਤਰ ਰਸ, ਰੀਤਿ, ਅਤੇ ਲੈਅ ਦਾ

ਆਨੰਦ ਸਹਿਜੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਸ੍ਰੀ ਸਰਬਲੋਹ ਗ੍ਰੰਥ ਦੀ ਵੀ ਸਮੁੱਚੀ ਬਾਣੀ ਰਾਗਾਤਮਕ ਹੈ ਜਿਸ ਤੋਂ ਸ੍ਰੀ ਦਸ਼ਮੇਸ਼ ਪਿਤਾ ਦੀ ਸੰਗੀਤ ਪ੍ਰਤੀ ਸੂਝਬੂਝ ਦੇ ਦਰਸ਼ਨ ਹੁੰਦੇ ਹਨ। ਇਸ ਗੌਰਵਮਈ ਅਦਭੁਤ ਸੰਗੀਤਾਤਮਕ ਖਜਾਨੇ ਨੂੰ ਸੰਗੀਤ ਜੀਵੀਆਂ ਤਕ ਸਵਰਲਿੱਪੀਬੱਧ ਕਰਕੇ ਪੁਹੁੰਚਾਉਣ ਲਈ ਲੇਖਕ ਦਾ ਕਾਰਜ ਦੀ ਅਦਭੁੱਤ ਜਾਪਦਾ ਹੈ।

**ਗੁਰੂ ਰਾਮਦਾਸ ਰਾਗ ਰਤਨਾਵਲੀ** ਪੁਸਤਕ ਦੀ ਰਚਨਾ ਵੀ ਪ੍ਰੋ. ਤਾਰਾ ਸਿੰਘ ਦੀ ਕ੍ਰਿਤ ਹੈ। ਇਸ ਪੁਸਤਕ ਦਾ ਪ੍ਰਕਾਸ਼ਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੁਆਰਾ 1995 ਵਿੱਚ ਕੀਤਾ ਗਿਆ। ਇਹ ਪੁਸਤਕ ਸ੍ਰੀ ਗੁਰੂ ਰਾਮਦਾਸ ਜੀ ਦੀ ਦੁਆਰਾ ਰਚਿਤ  ਬਾਣੀ ਨੂੰ ਸਵਰਲਿਪੀਬੱਧ ਪ੍ਰਸਤੁਤ ਕਰਨ ਦਾ ਉਪਰਾਲਾ ਹੈ। ਪੁਸਤਕ ਵਿੱਚ ਸ਼੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਨੂੰ ਨਿਰਧਾਰਤ ਰਾਗਾਂ ਵਿੱਚ ਸੁਰਲਿੱਪੀਬੱਧ ਕੀਤਾ ਗਿਆ ਹੈ। ਲੇਖਕ ਨੇ ਸਮੁੱਚੀ ਬਾਣੀ ਨੂੰ ਮੂਲ ਰਾਗਾਂ ਅਤੇ ਰਾਗ ਪ੍ਰਕਾਰਾਂ ਵਿੱਚ ਵਿਭਾਜਿਤ ਕਰਕੇ ਸਵਰਤਾਲਬੱਧ ਕੀਤਾ ਹੈ । ਹੱਥਲੀ ਪੁਸਤਕ ਵਿੱਚ ਸ਼੍ਰੀ ਗੁਰੂ ਰਾਮਦਾਸ ਜੀ ਦੀਆਂ ਰਚਨਾਵਾਂ ਨੂੰ ਸਿਰੀ ਰਾਗ, ਮਾਝ, ਗਉੜੀ ਗੁਆਰੇਰੀ, ਆਸਾ (ਕੁਝ ਪ੍ਰਕਾਰ) ਦੇਵਗੰਧਾਰੀ, ਰਾਗ ਮਾਲੀ ਗਉੜਾ, ਤੁਖਾਰੀ, ਭੈਰਉ, ਸਾਰੰਗ, ਕਾਨੜ੍ਹਾ, ਪ੍ਰਭਾਤੀ, ਬਿਹਾਗੜਾ, ਬਿਲਾਵਲ, ਗੋਂਡ, ਰਾਮਕਲੀ, ਨਟ ਕਲਿਆਣ, ਮਾਰੂ, ਕੇਦਾਰਾ, ਬਸੰਤ ਅਤੇ ਪ੍ਰਭਾਤੀ ਬਿਭਾਸ ਵਿੱਚ ਲਿੱਪੀਬੱਧ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਮੁੱਚੇ ਰਾਗਾਂ ਬਾਰੇ ਇਤਿਹਾਸਿਕ ਜਾਣਕਾਰੀ (ਥਾਟ, ਸਵਰ, ਸਵਰਾਂ ਦਾ ਪ੍ਰਯੋਗ, ਗਾਇਨ ਜਾਂ ਵਾਦਨ ਦਾ ਸਮਾਂ, ਆਰੋਹ, ਅਵਰੋਹ, ਪਕੜ, ਰਾਗ ਵਿਸਤਾਰ, ਸਥਾਈ ਅਤੇ ਅੰਤਰਾ) ਪ੍ਰਕਾਸ਼ਿਤ ਕੀਤੀ ਗਈ ਹੈ। ਇਸ ਪੁਸਤਕ ਵਿੱਚ ਗੁਰਮਤਿ ਸੰਗੀਤ ਵਿੱਚ ਪ੍ਰਯੋਗ ਹੋਣ ਵਾਲੀਆਂ ਵਿਸ਼ੇਸ਼ ਤਾਲਾਂ ਦਾ ਵੀ ਵਰਨਣ ਕੀਤਾ ਗਿਆ ਹੈ।

**ਗੁਰੂ ਅਰਜਨ ਦੇਵ ਰਾਗ ਰਤਨਾਵਲੀ** ਪੁਸਤਕ ਦੀ ਰਚਨਾ ਪ੍ਰੋ. ਤਾਰਾ ਸਿੰਘ ਜੀ ਨੇ ਕੀਤੀ ਜਿਸਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ 2000 ਵਿੱਚ ਪ੍ਰਕਾਸ਼ਿਤ ਕਰਵਾਇਆ।ਗੁਰੂ ਅਰਜਨ ਦੇਵ ਰਾਗ ਰਤਨਾਵਲੀ ਪੁਸਤਕ ਵਿੱਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਨੂੰ ਵੱਖ-ਵੱਖ ਰਾਗਾਂ ਵਿੱਚ ਸਵਰਲਿੱਪੀਬੱਧ ਕੀਤਾ ਗਿਆ ਹੈ। ਲੇਖਕ ਨੇ ਪੁਸਤਕ ਵਿੱਚ ਪ੍ਰਯੋਗ ਹੋਣ ਵਾਲੇ ਕੁਝ ਅਹਿਮ ਤਾਲਾਂ ਤੋਂ ਜਾਣੂੰ ਕਰਵਾਇਆ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਨੂੰ ਰਾਗ ਸਿਰੀ, ਮਾਝ, ਗਉੜੀ ਗੁਆਰੇਰੀ, ਗਉੜੀ, ਗਉੜੀ ਚੇਤੀ, ਗਉੜੀ ਬੈਰਾਗਣਿ, ਗਉੜੀ ਪੂਰਬੀ, ਗਉੜੀ ਮਾਝ, ਗਉੜੀ ਮਾਲਾ, ਆਸਾ, ਆਸਾ ਕਾਫੀ, ਅਸਾਵਰੀ, ਗੁਜਰੀ, ਦੇਵਗੰਧਾਰੀ, ਬਿਹਾਗੜਾ, ਮਾਲੀ ਗਉੜਾ, ਵਡਹੰਸ, ਮਾਰੂ, ਨਟ, ਨਟ ਨਰਾਇਣ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਬਿਲਾਵਲ ਮੰਗਲ, ਗੋਡ, ਰਾਮਕਲੀ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਬਸੰਤ ਹਿੰਡੋਲ, ਸਾਰੰਗ, ਮਾਲ੍ਹਾਰ, ਕਾਨੜਾ, ਕਲਿਆਣ, ਪ੍ਰਭਾਤੀ ਅਤੇ ਪ੍ਰਭਾਤੀ ਬਿਭਾਸ ਵਿੱਚ ਲਿੱਪੀਬੱਧ ਕੀਤਾ ਹੋਇਆ ਹੈ। ਲੇਖਕ ਨੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਨੂੰ ਸੰਕਲਿਤ ਕਰਕੇ ਬਾਣੀ ਦੇ ਭਾਗ ਅਨੁਸਾਰ ਤਾਲ ਦੀ ਚੋਣ ਕਰਕੇ ਸ਼ਬਦ ਦੀ ਧੁਨ ਤਿਆਰ ਕੀਤੀ ਹੈ ਜੋ ਅਗਲੀਆਂ ਪੀੜ੍ਹੀਆ ਲਈ ਲਾਹੇਵੰਦ ਹੋਵੇਗੀ ਜੋ ਲੇਖਕ ਦੇ ਅਸੀਮ ਗਿਆਨ ਦੀ ਪਰਿਚਾਇਕ ਹੈ।

**ਸ੍ਰੀ ਗੁਰੂ ਤੇਗ ਬਹਾਦਾਰ ਰਾਗ ਰਤਨਾਵਲੀ** ਪੁਸਤਕ ਦੀ ਰਚਨਾ ਪ੍ਰੋ. ਤਾਰਾ ਸਿੰਘ ਨੇ ਕੀਤੀ ਹੈ। ਇਸ ਪੁਸਤਕ ਦਾ ਪ੍ਰਕਾਸ਼ਨ ਕਾਰਜ ਪੰਜਾਬੀ ਯੂਨੀਵਰਸਿਟੀ ਪਟਿਆਲਾ ਰਾਹੀਂ ਕੀਤਾ ਗਿਆ। ਇਸ ਪੁਸਤਕ ਦੇ ਆਰੰਭ ਵਿੱਚ ਲੇਖਕ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਸਬੰਧੀ, ਗੁਰਮਤਿ ਸੰਗੀਤ ਦੀਆਂ ਬੁਨਿਆਦੀ

ਧਾਰਨਾਵਾਂ ਅਤੇ ਕੀਰਤਨ ਦੀ ਪਰੰਪਰਾ ਤੋਂ ਜਾਣੂ ਕਰਵਾਇਆ ਹੈ। ਪੁਸਤਕ ਦਾ ਮੂਲ ਮੰਤਵ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਨੂੰ ਵੱਖ-ਵੱਖ ਰਾਗਾਂ ਵਿੱਚ ਲਿਪੀਬੱਧ ਕਰਨਾ ਹੈ। ਲੇਖਕ ਨੇ ਪੁਸਤਕ ਵਿੱਚ ਪ੍ਰਯੋਗ ਹੋਣ ਵਾਲੇ ਕੁਝ ਅਹਿਮ ਤਾਲਾਂ ਤੋਂ ਜਾਣੂੰ ਕਰਵਾਇਆ ਹੈ। ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਨੂੰ ਰਾਗ ਗਉੜੀ, ਆਸਾ, ਦੇਵਗੰਧਾਰੀ, ਬਿਹਾਗੜਾ, ਸੋਰਠਿ, ਧਨਾਸਰੀ, (ਕਾਫੀ ਭੈਰਵੀ ਪੂਰਵੀ ਮੇਲ) ਜੈਤਸਰੀ, ਟੋਡੀ, ਤਿਲੰਗ, ਬਿਲਾਵਲ, ਰਾਮਕਲੀ, ਮਾਰੂ, ਬਸੰਤ ਹਿੰਡੋਲ, ਬਸੰਤ, ਸਾਰੰਗ ਅਤੇ ਜੈਜਾਵੰਤੀ ਵਿੱਚ ਸਵਰਲਿਪੀਬੱਧ ਕੀਤਾ ਗਿਆ ਹੈ । ਇਸ ਦੇ ਨਾਲ ਹੀ 57 ਸਲੋਕਾਂ ਨੂੰ ਵੱਖ-ਵੱਖ ਰਾਗਾਂ ਅਤੇ ਤਾਲਾਂ ਵਿੱਚ ਲਿੱਪੀਬੱਧ ਕੀਤਾ ਗਿਆ ਹੈ।ਇਸ ਪੁਸਤਕ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਹੀ ਬਾਣੀ ਨੂੰ ਹੀ ਅਧਾਰ ਬਣਾਇਆ ਗਿਆ ਹੈ।ਇਸ ਪੁਸਤਕ ਵਿੱਚ ਸ਼ਬਦਾਂ ਨੂੰ ਲਿੱਪੀਬੱਧ ਕਰਨ ਹਿੱਤ ਤਾਲਾਂ ਦੀ ਚੋਣ ਬਹੁਤ ਹੀ ਸੂਝਪੂਰਨ ਢੰਗ ਨਾਲ ਕੀਤੀ ਗਈ ਹੈ। ਗੁਰੂ ਤੇਗ ਬਹਾਦਰ ਸਾਹਿਬ ਦੇ ਅੰਤਿਮ ਸਲੋਕਾਂ ਨੂੰ ਪੂਰਨ ਵਿਸਤਾਰ ਨਾਲ ਲਿੱਪੀਬੱਧ ਕਰਨਾ ਪੁਸਤਕ ਦੀ ਨਿੱਜੀ ਵਿਸ਼ੇਸ਼ਤਾ ਹੈ। ਪੁਸਤਕ ਦੀ ਭਾਸ਼ਾ ਸ਼ੈਲੀ ਅਤਿ ਸੁਖਾਵੀਂ ਹੈ ਜਿਸ ਨੂੰ ਹਰ ਵਰਗ ਦਾ ਸੰਗੀਤ ਪਾਠਕ ਸਹਿਜੇ ਹੀ ਸਮਝ ਸਕਦਾ ਹੈ । ਲਿਪੀਬੱਧ ਕੀਤੀਆਂ ਸਮੁੱਚੀਆਂ ਬੰਦਸ਼ਾਂ ਬਹੁਤ ਹੀ ਸੁਖਾਲੀਆਂ ਅਤੇ ਗਾਉਣਯੋਗ ਹਨ।ਲੇਖਕ ਨੇ ਰਾਗਾਂ ਸਬੰਧੀ ਆਪਣੇ ਵਿਸ਼ੇਸ਼ ਅਧਿਐਨ ਅਤੇ ਅਭਿਆਸ ਦੇ ਅਧਾਰ ਤੇ ਖੋਜ ਵਿਸ਼ਲੇਸ਼ਣ ਵੀ ਕੀਤਾ ਹੈ ਜੋ ਸੰਗੀਤ ਦੇ ਵਿਦਿਆਰਥੀ ਲਈ ਬਹੁਤ ਹੀ ਉਪਯੋਗੀ ਹੈ। ਗੁਰਮਤਿ ਸੰਗੀਤ ਦੇ ਖੇਤਰ ਵਿੱਚ ਵਿਗਿਆਨਿਕ ਅਧਿਐਨ ਅਤੇ ਖੋਜ ਦੇ ਖੇਤਰ ਵਿੱਚ ਇਹ ਪਹਿਲਾ ਵਿਗਿਆਨਿਕ ਕਾਰਜ ਵੀ ਕਿਹਾ ਜਾ ਸਕਦਾ ਹੈ।

**ਪੜਤਾਲ ਗਾਇਕੀ** ਪੁਸਤਕ ਗੁਰਮਤਿ ਸੰਗੀਤਾਚਾਰੀਆ ਪ੍ਰੋ. ਤਾਰਾ ਸਿੰਘ ਹੁਰਾਂ ਦੁਆਰਾ ਗੁਰਮਤਿ ਸੰਗੀਤ ਦੇ ਵਿਕਾਸ ਵਿੱਚ ਕੀਤੇ ਗਏ ਅਣਥੱਕ ਯਤਨਾਂ ਦਾ ਇਕ ਅੰਗ ਹੈ ਜਿਸਨੂੰ ਗੁਰਮਤਿ ਪ੍ਰਕਾਸ਼ਨ ਪਟਿਆਲਾ ਨੇ 2001 ਵਿੱਚ ਪ੍ਰਕਾਸ਼ਿਤ ਕੀਤਾ। ਪ੍ਰੋ. ਤਾਰਾ ਸਿੰਘ ਜੀ ਦੇ ਗੁਰਮਤਿ ਸੰਗੀਤ ਦੇ ਵਿਕਾਸ ਲਈ ਕੀਤੇ ਅਹਿਮ ਉਪਰਾਲਿਆਂ ਨੇ ਗੁਰਮਤਿ ਸੰਗੀਤ ਦੀ ਇਕ ਸੁਤੰਤਰ ਵਿਸ਼ੇ ਵਜੋਂ ਸਥਾਪਤੀ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕੀਤੀ। ਹੱਥਲੀ ਪੁਸਤਕ ਦਾ ਸੰਪਾਦਨ ਪ੍ਰੋਫੈਸਰ ਸਾਹਿਬ ਦੀ ਧਰਮ ਪਤਨੀ ਸ਼੍ਰੀ ਮਤੀ ਸੁਰਜੀਤ ਕੌਰ ਨੇ (ਪ੍ਰੋ. ਸਾਹਿਬ ਦੇ ਸੁਆਸ ਤਿਆਗ ਜਾਣ ਮਗਰੋਂ) ਕਰਵਾਇਆ। ਪੁਸਤਕ ਦੇ ਆਰੰਭ ਵਿੱਚ ਡਾ. ਗੁਰਨਾਮ ਸਿੰਘ ਦੁਆਰਾ ਪੜਤਾਲ ਗਾਇਕੀ : ਤਕਨੀਕ ਅਤੇ ਸਰੂਪ ਨਾਮੀ ਲੇਖ ਰਾਹੀਂ ਪੜਤਾਲ ਗਾਇਨ ਸਬੰਧੀ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਇਸ ਤੋਂ ਬਾਅਦ ਪ੍ਰੋ. ਤਾਰਾ ਸਿੰਘ ਦੁਆਰਾ ਰਚਿਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਰਣਿਤ 54 ਪੜਤਾਲਾਂ ਨੂੰ ਸਵਰਲਿਪੀਬੱਧ ਕਰਨ ਦਾ ਯਤਨ ਕੀਤਾ ਹੈ। ਪੜਤਾਲ ਗਾਇਨ ਇਕ ਅਜਿਹੀ ਗਾਇਨ ਸ਼ੈਲੀ ਹੈ ਜੋ ਗੁਰਮਤਿ ਸੰਗੀਤ ਨੂੰ ਭਾਰਤੀ ਸੰਗੀਤ ਨਾਲੋਂ ਵੱਖਰਾ ਕਰਦੀ ਹੈ। ਅਜਿਹੀ ਸ਼ੈਲੀ ਨੂੰ ਸਾਂਭਣ ਲਈ ਮਹੱਤਵਪੂਰਨ ਸਿਧਾਂਤਕ ਉਪਰਾਲੇ ਦੀ ਜਰੂਰਤ ਸੀ ਤਾਂ ਜੋ ਇਸ ਸ਼ੈਲੀ ਦੀ ਮੌਲਿਕਤਾ ਨੂੰ ਸਾਂਭਿਆ ਜਾ ਸਕੇ। ਪੜਤਾਲ ਗਾਇਕੀ ਪੁਸਤਕ ਗੁਰਮਤਿ ਸੰਗੀਤ ਦੀ ਵਿਲੱਖਣ ਪੁਸਤਕ ਹੈ। ਪੁਸਤਕ ਵਿੱਚਲੀਆਂ ਸਾਰੀਆਂ ਬੰਦਸ਼ਾਂ ਗੁਣਾਤਮਕਤਾ ਅਤੇ ਗਿਣਾਤਮਕਤਾ ਪੱਖੋਂ ਵਿਲੱਖਣ ਉੱਤਮਤਾ ਦੀਆਂ ਧਾਰਣੀ ਹਨ। ਜਿਹਨਾਂ ਨੂੰ ਸਮਝਣਾ ਅਤੇ ਗਾਉਣਾ ਬਹੁਤ ਸਰਲ ਹੈ।ਪੁਸਤਕ ਦੇ ਸੰਪਾਦਕ ਵੱਲੋਂ ਆਰੰਭਿਕ ਸ਼ਬਦਾਂ ਦੇ ਰੂਪ ਵਿੱਚ ਲੇਖਕ ਦੁਆਰਾ ਗੁਰਮਤਿ ਸੰਗੀਤ ਸਬੰਧੀ ਕੀਤੇ ਗਏ ਕਾਰਜਾਂ ਬਾਰੇ ਚਾਨਣਾ ਪਾਇਆ ਹੈ ਜੋਕਿ ਅਜੇ ਅਪ੍ਰਕਾਸ਼ਿਤ ਹਨ। ਅਜਿਹੇ ਵਿਦਵਾਨ ਦੁਅਰਾ ਰਚਿਤ ਸੰਗੀਤਕ ਕਾਵਿ ਨੂੰ ਪ੍ਰਕਾਸ਼ਿਤ ਰੂਪ ਵਿੱਚ ਸੰਗੀਤ ਪਾਠਕਾਂ ਦੀ ਝੋਲੀ ਪਾਉਣਾ ਸਰਾਹੁਣਯੋਗ ਕਦਮ ਹੋਵੇਗਾ।ਪੁਸਤਕ ਦੀ ਭਾਸ਼ਾ ਸ਼ੈਲੀ ਸਰਲ ਅਤੇ ਸਮਝਣਯੋਗ ਹੈ।

**ਗੁਰੂ ਅਮਰਦਾਸ ਰਾਗ ਰਤਨਾਵਲੀ** ਪੁਸਤਕ ਪ੍ਰੋ. ਤਾਰਾ ਸਿੰਘ ਜੀ ਦੇ ਗਿਆਨ ਅਤੇ ਅਨੁਭਵ ਦਾ ਸੋਮਾ

ਹੈ। ਗੁਰੂ ਅਮਰਦਾਸ ਰਾਗ ਰਤਨਾਵਲੀ ਪੁਸਤਕ ਦੇ ਕਰਤਾ ਗੁਰਮਤਿ ਸੰਗੀਤ ਅਚਾਰੀਆ ਪ੍ਰੋਫੈਸਰ ਤਾਰਾ ਸਿੰਘ ਜੀ ਸੰਗੀਤ ਵਿਸ਼ੇ ਦੇ ਪਹਿਲੀ ਕਤਾਰ ਦੇ ਪ੍ਰਮੁੱਖ ਉਸਤਾਦ ਸੰਗੀਤ ਅਧਿਆਪਕ ਵਜੋਂ ਵਿਖਿਅਤ ਹੋਏ। ਆਪ ਜੀ ਨੇ ਗੁਰਮਤਿ ਸੰਗੀਤ ਦੇ ਪਾਸਾਰ ਅਤੇ ਪਰਚਾਰ ਵਿੱਚ ਵਡਮੁੱਲੀਆਂ ਸੇਵਾਵਾਂ ਹਨ। ਗੁਰਮਤਿ ਸੰਗੀਤ ਨੂੰ ਸੁਤੰਤਰ ਵਿਸ਼ੇ ਵਜੋਂ ਸਥਾਪਿਤ ਕਰਨ ਦੇ ਮੁੱਢਲੇ ਉਪਰਾਲੇ ਆਪ ਜੀ ਦੁਆਰਾ ਹੀ ਉਲੀਕੇ ਗਏ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਗੁਰਮਤਿ ਸੰਗੀਤ ਦੀ ਸੁਤੰਤਰ ਵਿਸ਼ੇ ਵਜੋਂ ਸਥਾਪਤੀ ਆਪ ਦੇ ਅਕਾਲ ਚਲਾਣੇ ਤੋਂ ਬਾਅਦ ਹੋਈ। ਇਹ ਪੁਸਤਕ ਵੀ ਪ੍ਰੋਫੈਸਰ ਸਾਹਿਬ ਦੇ ਜੀਵਨ ਕਾਲ ਦੀ ਸਮਾਪਤੀ ਤੋਂ ਬਾਅਦ ਸ੍ਰੀਮਤੀ ਸੁਰਜੀਤ ਕੌਰ ਦੇ ਸਹਿਯੋਗ ਸਦਕਾ ਹੀ ਪ੍ਰਕਾਸ਼ਿਤ ਹੋ ਸਕੀ ਜਿਸ ਵਿੱਚ ਸ੍ਰੀ ਗੁਰੁ ਅਮਰਦਾਸ ਜੀ ਦੀਆਂ ਰਚਨਾਵਾਂ ਨੂੰ ਸੰਕਲਿਤ ਕਰਕੇ ਗੁਰੂ ਅਮਰਦਾਸ ਰਾਗ ਰਤਨਾਕਰ ਵੱਜੋਂ ਪਰੋਸਿਆ ਗਿਆ ਹੈ। ਗੁਰੂ ਅਮਰਦਾਸ ਰਾਗ ਰਤਨਾਕਰ ਪੁਸਤਕ ਵਿੱਚ ਗੁਰੂ ਅਮਰਦਾਸ ਜੀ ਦੀ ਬਾਣੀ ਅਰਥਾਤ ਸ਼ਬਦ ਰਚਨਾਵਾਂ ਨੂੰ ਨਿਰਧਾਰਿਤ ਰਾਗਾਂ ਵਿੱਚ ਸੁਰਲਿੱਪੀਬੱਧ ਕੀਤਾ ਗਿਆ ਹੈ। ਇਹਨਾਂ ਰਚਨਾਵਾਂ ਦੀ ਸੰਗੀਤ ਰਚਨਾ ਹਿੱਤ ਪ੍ਰੋਫੈਸਰ ਤਾਰਾ ਸਿੰਘ ਜੀ ਨੇ 'ਰਹਾਓ ਅੰਕ ਸਿਧਾਂਤ' ਦਾ ਪਾਲਨ ਕਰਦਿਆਂ ਸਮੁੱਚੀ ਬਾਣੀ ਲਈ ਨਿਰਧਾਰਿਤ ਰਾਗਾਂ ਦਾ ਪ੍ਰਯੋਗ ਕੀਤਾ ਹੈ ਅਤੇ 'ਰਹਾਉ' ਵਾਲੀ ਤੁਕ ਨੂੰ ਹੀ ਸਥਾਈ ਬਣਾ ਕੇ ਸਮੁੱਚੀ ਬਾਣੀ ਨੂੰ ਸਵਰਤਾਲਬੱਧ ਕੀਤਾ ਗਿਆ ਹੈ ਜਿਸ ਵਿੱਚ ਰਾਗ ਰੂਪਾਂ ਦੀ ਵੰਨ-ਸੁਵੰਨਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਵਿਧਾਨ ਦੀ ਅਮੀਰੀ ਦਾ ਪ੍ਰਤੱਖ ਪ੍ਰਮਾਣ ਹੈ। ਪੁਸਤਕ ਦੀ ਆਰੰਭਤਾ ਵਿੱਚ ਲੇਖਕ ਨੇ ਸਵਰਲਿਪੀ ਪੱਧਤੀ ਦੇ ਚਿੰਨ੍ਹਾਂ ਤੋਂ ਜਾਣੂੰ ਕਰਵਾਇਆ ਹੈ ਕਿਉਂਕਿ ਕਿਰਿਆਤਮਕ ਪੱਖ ਵਿੱਚ ਸ਼ਬਦ ਬੰਦਸ਼ਾਂ ਨੂੰ ਸਮਝਣ ਲਈ ਸ਼ਬਦਾਂ ਦੀਆਂ ਲਿੱਪੀਆਂ ਵਿੱਚ ਪ੍ਰਯੋਗ ਹੋ ਰਹੇ ਚਿੰਨ੍ਹਾਂ ਤੋਂ ਜਾਣੂ ਹੋਣਾ ਬਹੁਤ ਹੀ ਜਰੂਰੀ ਹੈ। ਸ਼ਬਦਾਂ ਦੀਆਂ ਸਵਰਲਿੱਪੀਆਂ ਵਿੱਚ ਪ੍ਰਯੋਗ ਹੋ ਰਹੇ ਤਾਲਾਂ ਨੂੰ ਵੀ ਪੁਸਤਕ ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ। ਲੇਖਕ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਨੂੰ ਰਾਗ ਸਿਰੀ ਦੇ 14 ਸ਼ਬਦਾਂ, ਰਾਗ ਮਾਝ ਦੇ 6 ਸ਼ਬਦਾਂ, ਰਾਗ ਗਉੜੀ ਗੁਆਰੇਰੀ (ਪੂਰਵੀ ਮੇਲ) ਦੇ 4 ਸ਼ਬਦ, ਰਾਗ ਗਉੜੀ ਬੈਰਾਗਣਿ ਦੇ 3 ਸ਼ਬਦ, ਰਾਗ ਗਉੜੀ ਪੂਰਵੀ ਦੇ 2 ਸ਼ਬਦ, ਰਾਗ ਗਉੜੀ (ਭੈਰਵ ਮੇਲ) ਦੇ ਦੋ ਸ਼ਬਦ, ਰਾਗ ਆਸਾ ਦੇ ਤਿੰਨ ਸ਼ਬਦ, ਰਾਗ ਗੂਜਰੀ ਵਿੱਚ ਤਿੰਨ ਸ਼ਬਦ, ਰਾਗ ਬਿਹਾਗੜਾ ਦੋ ਸ਼ਬਦ, ਰਾਗ ਵਡਹੰਸ ਵਿੱਚ ਚਾਰ ਸ਼ਬਦ, ਰਾਗ ਸੋਰਠਿ ਵਿੱਚ ਤਿੰਨ ਸ਼ਬਦ, ਰਾਗ ਧਨਾਸਰੀ ਅਤੇ ਰਾਗ ਸੂਹੀ ਵਿੱਚ ਪੰਜ ਸ਼ਬਦ, ਰਾਗ ਬਿਲਾਵਲ ਵਿੱਚ ਪੰਜ ਸ਼ਬਦ, ਰਾਗ ਰਾਮਕਲੀ ਵਿੱਚ ਤਿੰਨ ਸ਼ਬਦ, ਰਾਗ ਮਾਰੂ ਵਿੱਚ ਚਾਰ ਸ਼ਬਦ, ਰਾਗ ਭੈਰਉ ਵਿੱਚ ਪੰਜ ਸ਼ਬਦ, ਰਾਗ ਬਸੰਤ ਵਿੱਚ ਦੋ ਸ਼ਬਦ, ਰਾਗ ਬਸੰਤ ਹਿੰਡੋਲ ਵਿੱਚ ਇੱਕ ਸ਼ਬਦ, ਰਾਗ ਸਾਰੰਗ ਵਿੱਚ ਚਾਰ ਸ਼ਬਦ, ਰਾਗ ਮਲਹਾਰ ਵਿੱਚ ਸੱਤ ਸ਼ਬਦ, ਰਾਗ ਪ੍ਰਭਾਤੀ ਵਿੱਚ ਚਾਰ ਸ਼ਬਦ ਅਤੇ ਰਾਗ ਪ੍ਰਭਾਤੀ ਬਿਭਾਸ ਵਿੱਚ ਇੱਕ ਸ਼ਬਦ ਨੂੰ ਸਵਰਲਿੱਪੀਆਂ ਬੱਧ ਕਰਕੇ ਪੁਸਤਕ ਦੀ ਕਿਰਿਆਤਮਕ ਪੱਖੋਂ ਸੰਪੂਰਨਤਾ ਦਾ ਪ੍ਰਮਾਣ ਦਿੱਤਾ ਹੈ।

**ਭਗਤਿ ਹੇਤ ਗਾਵੈ ਰਵਿਦਾਸਾ ਪੁਸਤਕ** ਪ੍ਰੋ. ਤਾਰਾ ਸਿੰਘ ਜੀ ਦੇ ਗਿਆਨ ਅਤੇ ਅਨੁਭਵ ਦਾ ਸੋਮਾ ਹੈ ਜਿਸਨੂੰ 2012 ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪ੍ਰਕਾਸ਼ਿਤ ਕਰਵਾਇਆ। ਇਹ ਪੁਸਤਕ ਵੀ ਪ੍ਰੋਫੈਸਰ ਸਾਹਿਬ ਦੇ ਜੀਵਨ ਕਾਲ ਦੀ ਸਮਾਪਤੀ ਤੋਂ ਬਾਅਦ ਡਾ. ਗੁਰਨਾਮ ਸਿੰਘ ਹੁਰਾਂ ਦੇ ਸਹਿਯੋਗ ਸਦਕਾ ਹੀ ਪ੍ਰਕਾਸ਼ਿਤ ਹੋ ਸਕੀ ਜਿਸ ਵਿੱਚ ਭਗਤ ਰਵੀਦਾਸ ਜੀ ਦੀਆਂ ਰਚਨਾਵਾਂ ਨੂੰ ਸੰਕਲਿਤ ਕਰਕੇ ਭਗਤਿ ਹੇਤ ਗਾਵੈ ਰਵਿਦਾਸਾ ਪੁਸਤਕ ਵੱਜੋਂ ਪਰੋਸਿਆ ਗਿਆ ਹੈ। ਭਗਤਿ ਹੇਤ ਗਾਵੈ ਰਵਿਦਾਸਾ ਪੁਸਤਕ ਵਿੱਚ ਭਗਤ ਰਵੀਦਾਸ ਜੀ ਦੀ ਬਾਣੀ ਅਰਥਾਤ ਸ਼ਬਦ ਰਚਨਾਵਾਂ ਨੂੰ ਨਿਰਧਾਰਿਤ ਰਾਗਾਂ ਵਿੱਚ ਸੁਰਲਿੱਪੀਬੱਧ ਕੀਤਾ ਗਿਆ ਹੈ। ਇਹਨਾਂ ਰਚਨਾਵਾਂ ਦੀ ਸੰਗੀਤ ਰਚਨਾ ਹਿੱਤ ਪ੍ਰੋਫੈਸਰ ਤਾਰਾ ਸਿੰਘ ਜੀ ਨੇ 'ਰਹਾਓ ਅੰਕ ਸਿਧਾਂਤ' ਦਾ ਪਾਲਨ ਕਰਦਿਆਂ ਸਮੁੱਚੀ ਬਾਣੀ ਲਈ ਨਿਰਧਾਰਿਤ ਰਾਗਾਂ ਦਾ ਪ੍ਰਯੋਗ ਕੀਤਾ ਹੈ ਅਤੇ 'ਰਹਾਉ' ਵਾਲੀ ਤੁਕ ਨੂੰ ਹੀ ਸਥਾਈ ਬਣਾ ਕੇ ਸਮੁੱਚੀ ਬਾਣੀ ਨੂੰ

ਸਵਰਤਾਲਬੱਧ ਕੀਤਾ ਗਿਆ ਹੈ। ਜਿਸ ਵਿੱਚ ਰਾਗ ਰੂਪਾਂ ਦੀ ਵੰਨ-ਸੁਵੰਨਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਵਿਧਾਨ ਦੀ ਅਮੀਰੀ ਦਾ ਪ੍ਰਤੱਖ ਪ੍ਰਮਾਣ ਹੈ। ਪੁਸਤਕ ਦੀ ਆਰੰਭਤਾ ਵਿੱਚ ਲੇਖਕ ਨੇ ਸਵਰਲਿਪੀ ਪੱਧਤੀ ਦੇ ਚਿੰਨ੍ਹਾਂ ਤੋਂ ਜਾਣੂੰ ਕਰਵਾਇਆ ਹੈ ਕਿਉਂਕਿ ਕਿਰਿਆਤਮਕ ਪੱਖ ਵਿੱਚ ਸ਼ਬਦ ਬੰਦਸ਼ਾਂ ਨੂੰ ਸਮਝਣ ਲਈ ਸ਼ਬਦਾਂ ਦੀਆਂ ਲਿੱਪੀਆਂ ਵਿੱਚ ਪ੍ਰਯੋਗ ਹੋ ਰਹੇ ਚਿੰਨ੍ਹਾਂ ਤੋਂ ਜਾਣੂ ਹੋਣਾ ਬਹੁਤ ਹੀ ਜਰੂਰੀ ਹੈ। ਸ਼ਬਦਾਂ ਦੀਆਂ ਸਵਰਲਿੱਪੀਆਂ ਵਿੱਚ ਪ੍ਰਯੋਗ ਹੋ ਰਹੇ ਤਾਲਾਂ ਨੂੰ ਵੀ ਪੁਸਤਕ ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ। ਲੇਖਕ ਨੇ ਭਗਤ ਰਵੀਦਾਸ ਜੀ ਦੀ ਬਾਣੀ ਨੂੰ ਰਾਗ ਸਿਰੀ, ਗਉੜੀ, ਗਉੜੀ ਬੈਰਾਗਣਿ, ਗਉੜੀ ਪੂਰਵੀ, ਆਸਾ, ਗੂਜਰੀ, ਸੋਰਠਿ, ਧਨਾਸਰੀ, ਬਿਲਾਵਲ, ਸੂਹੀ ਅਤੇ ਗੋਂਡ ਦੇ ਇਕ-ਵਿੱਚ ਇੱਕ ਸ਼ਬਦ ਨੂੰ ਸਵਰਲਿੱਪੀਬੱਧ ਕਰਕੇ ਪੁਸਤਕ ਦੀ ਕਿਰਿਆਤਮਕ ਪੱਖੋ ਸੰਪੂਰਨਤਾ ਦਾ ਪ੍ਰਮਾਣ ਦਿੱਤਾ ਹੈ।

**ਗੁਰੂ ਅੰਗਦ ਦੇਵ ਰਾਗ ਰਤਨਾਵਲੀ** ਪੁਸਤਕ ਪ੍ਰੋ. ਤਾਰਾ ਸਿੰਘ ਹੁਰਾਂ ਦੇ ਗਿਆਨ ਦਾ ਵਡਮੁੱਲਾ ਸੋਮਾ ਹੈ ਜਿਸਨੂੰ ਗੁਰਮਤਿ ਪ੍ਰਕਾਸ਼ਨ ਪਟਿਆਲਾ ਨੇ ਪ੍ਰਕਾਸ਼ਿਤ ਕੀਤਾ। ਇਸ ਪੁਸਤਕ ਨੂੰ ਪ੍ਰਕਾਸ਼ਿਤ ਕਰਵਾਉਣ ਵਿੱਚ ਮਾਤਾ ਸੁਰਜੀਤ ਕੌਰ ਦਾ ਵਡਮੁੱਲਾ ਯੋਗਦਾਨ ਰਿਹਾ ਹੈ। 76 ਪੰਨਿਆਂ ਦੀ ਇਸ ਪੁਸਤਕ ਵਿੱਚ ਲੇਖਕ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਦੇ ਚੋਣਵੇਂ ਸ਼ਬਦਾਂ ਨੂੰ ਸਵਰਲਿਪੀਬੱਧ ਕਰਨ ਦਾ ਯਤਨ ਕੀਤਾ ਹੈ। ਗੁਰੂ ਅੰਗਦ ਦੇਵ ਜੀ ਦੀ ਬਾਣੀ ਵਿਭਿੰਨ ਸ਼ਲੋਕਾਂ ਵਿੱਚ ਦਰਜ ਹੈ। ਇਹ ਸ਼ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਵਾਰਾਂ ਵਿੱਚ ਪਉੜੀਆਂ ਨਾਲ ਅੰਕਿਤ ਮਿਲਦੇ ਹਨ। ਵਾਰਾਂ ਨਾਲ ਇਨ੍ਹਾਂ ਦੀ ਸਾਂਝ ਅਟੁੱਟ ਅਤੇ ਸਦੀਵੀਂ ਹੈ ਪਰੰਤੂ ਲੇਖਕ ਨੇ ਇਹਨਾਂ ਨੂੰ ਸੁਰਲਿੱਪੀਬੱਧ ਕਰਦਿਆਂ ਸ਼ਬਦ ਤੇ ਖਿਆਲ ਸ਼ੈਲੀ ਦੀਆਂ ਰਚਨਾਵਾਂ ਵਿੱਚ ਰੱਖਕੇ ਗੁਰਬਾਣੀ ਪਾਠਕਾਂ ਅਤੇ ਅਧਿਆਤਮਕ ਸੰਗੀਤ ਦੇ ਰਸਿਕ ਪ੍ਰੇਮੀਆਂ ਲਈ ਨਵੀਨ ਸੰਗੀਤ ਸੁਗਾਤ ਭੇਂਟ ਕੀਤੀ ਹੈ। ਆਪ ਨੇ ਰਾਗ ਸਿਰੀ, ਰਾਗ ਮਾਝ, ਰਾਗ ਆਸਾ, ਰਾਗ ਸੋਰਠਿ, ਰਾਗ ਸੂਹੀ, ਰਾਗ ਰਾਮਕਲੀ, ਰਾਗ ਮਾਰੂ ਅਤੇ ਰਾਗ ਮਲ੍ਹਾਰ ਅਧੀਨ ਗਾਇਨ ਰਚਨਾਵਾਂ ਨੂੰ ਸਵਰਲਿੱਪੀਬੱਧ ਕੀਤਾ ਹੈ।

ਲੇਖਕ ਨੇ ਇਸ ਕਲਮ ਤੋਂ ਗੁਰਮਤਿ ਸੰਗੀਤ ਅਤੇ ਭਾਰਤੀ ਸੰਗੀਤ ਵਿੱਚ ਇੱਕ ਨਵੀਂ ਸਾਂਝ ਪੈਦਾ ਕੀਤੀ ਹੈ ਕਿਉਂਕਿ ਗੁਰੂ ਅੰਗਦ ਦੇਵ ਜੀ ਦੀ ਸਾਰੀ ਬਾਣੀ ਸਲੋਕਾਂ ਵਿੱਚ ਹੈ ਪਰੰਤੂ ਲੇਖਕ ਨੇ ਉਹਨਾਂ ਸਲੋਕਾਂ ਨੂੰ ਖਿਆਲ ਗਾਇਨ ਵਿੱਚ ਸੁਰਲਿੱਪੀਬੱਧ ਕੀਤਾ ਹੈ ਜੋ ਕਿ ਭਾਰਤੀ ਸੰਗੀਤ ਵਿੱਚਲੀ ਵਿੱਥ ਨੂੰ ਪੂਰਨ ਲਈ ਸਹਿਯੋਗ ਕਰੇਗੀ।

ਉਤਰੀ ਭਾਰਤੀ ਸੰਗੀਤ ਵਿੱਚ ਭਾਤਖੰਡੇ ਜੀ ਦੇ ਕਾਰਜ ਨੂੰ ਬਹੁਤ ਹੀ ਅਹਿਮ ਮੰਨਿਆ ਜਾਂਦਾ ਹੈ ਕਿਉਕਿ ਭਾਤਖੰਡੇ ਰਚਿਤ ਕ੍ਰਮਿਕ-ਪੁਸਤਕ ਮਲਿਕਾ (ਛੇ ਭਾਗਾਂ ਵਿੱਚ) ਬੰਦਸ਼ਾਂ ਦਾ ਸੰਗ੍ਰਹਿ ਹੈ ਜਿਸ ਵਿੱਚ 181 ਰਾਗਾਂ ਅਧੀਨ 1865 ਬੰਦਸ਼ਾਂ ਹਨ ਪ੍ਰੰਤੂ ਪ੍ਰੋ: ਤਾਰਾ ਸਿੰਘ ਰਾਹੀ ਕੀਤੇ ਗਏ ਖੋਜ ਕਾਰਜਾਂ ਉਪਰ ਝਾਤ ਮਾਰੀਏ ਤਾਂ ਇਹਨਾਂ ਦੀਆਂ ਮੌਲਿਕ ਰਚਨਾਵਾਂ ਦੀ ਸੰਖਿਆ ਲੱਗਭਗ 5000 ਹੈ। ਜੋ ਪ੍ਰੋ. ਸਾਹਿਬ ਦੀ ਹਿੰਦੁਸਤਾਨੀ ਸੰਗੀਤ ਨੂੰ ਵਿਲੱਖਣ ਦੇਣ ਹੈ।ਆਪ ਨੇ ਆਪਣੀਆਂ ਬੰਦਸ਼ਾਂ ਦੀ ਸੁਰ ਰਚਨਾ ਅਤੇ ਸੁਰ ਲਿਪੀ ਹੀ ਤਿਆਰ ਨਹੀ ਕੀਤੀ ਸਗੋ ਉੱਤਮ ਕਾਵਿ ਦਾ ਪ੍ਰਯੋਗ ਕੀਤਾ ਆਪ ਨੇ ਸੰਗੀਤ ਦੇ ਵਿਵਿਧ ਪੱਖਾਂ ਨੂੰ ਮੱਦੇਨਜਰ ਰੱਖਦੇ ਹੋਏ ਬੰਦਸ਼ਾਂ ਦੀ ਰਚਨਾ ਕੀਤੀ।ਪ੍ਰੋ. ਤਾਰਾ ਸਿੰਘ ਗੁਰਮਤਿ ਸੰਗੀਤ ਅਤੇ ਭਾਰਤੀ ਸੰਗੀਤ ਦੀ ਉਹ ਮਹਾਨ ਸ਼ਖਸ਼ੀਅਤ ਸਨ ਜਿਨਾਂ ਨੇ ਆਪਣਾ ਸਮੁੱਚਾ ਜੀਵਨ ਸੰਗੀਤ ਕਲਾ ਦੇ ਲੇਖੇ ਲਾ ਕੇ ਸੰਗੀਤ ਰੂਪੀ ਜੋਤ ਨੂੰ ਨਿਤਾਂਤ-ਪਰਿਜਵੱਲਿਤ ਰੱਖਿਆ।

ਅਸਿਸ਼ਟੈਂਟ ਪ੍ਰੋਫੈਸਰ, ਸੰਗੀਤ ਵਿਭਾਗ, ਗੁਰੂ ਨਾਨਕ ਕਾਲਜ, ਬੁਢਲਾਡਾ,ਜਿਲ੍ਹਾ ਮਾਨਸਾ

## ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਵਿਚ

# ਦੱਖਣੀ ਰਾਗ

### ਨਰਿੰਦਰਪਾਲ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ 1430 ਪੰਨਿਆਂ 'ਤੇ ਸੁਭਾਇਮਾਨ ਹੈ। ਬਾਣੀ ਦੇ ਪਹਿਲੇ 8 ਪੰਨੇ ਬਾਣੀ ਜਪੁ ਜੀ ਸਾਹਿਬ ਦੇ ਹਨ ਅਤੇ ਪੰਨਾ 9 ਤੋਂ 1352 ਤੱਕ ਸਮੁੱਚੀ ਬਾਣੀ ਸੰਗੀਤ ਬੱਧ ਹੈ। ਭਾਵ ਸਾਰੀ ਬਾਣੀ ਰਾਗਾਂ ਵਿਚ ਹੈ। ਇਹ ਬਾਣੀ 31 ਮੁੱਖ ਰਾਗਾਂ ਵਿਚ ਹੈ। ਇਸ ਦੇ ਨਾਲ ਹੀ ਰਾਗ ਗਉੜੀ ਦੇ 10 ਪ੍ਰਕਾਰ ਹਨ, ਮਿਸ਼ਰਤ ਰਾਗ 9 ਹਨ। ਕਾਫੀ ਰਾਗ ਨਾਲ ਮਿਲ ਕੇ 4 ਰਾਗ ਹਨ ਅਤੇ ਦੱਖਣੀ ਰਾਗ ਨਾਲ ਕਰਕੇ 6 ਰਾਗ ਹਨ। ਇਸ ਤਰ੍ਹਾਂ ਕੁੱਲ ਰਾਗਾਂ ਦੀ ਗਿਣਤੀ 60 ਰਾਗ ਬਣਦੀ ਹੈ। ਅੱਜ ਇਸ ਲੇਖ ਰਾਹੀਂ ਦੱਖਣੀ ਰਾਗਾਂ ਬਾਰੇ ਕੁਝ ਕੁ ਜਾਣਕਾਰੀ ਆਪ ਜੀ ਨਾਲ ਸਾਂਝੀ ਕਰਨ ਦਾ ਯਤਨ ਕਰ ਰਿਹਾ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੱਖਣੀ ਰਾਗ ਕਰਕੇ 6 ਰਾਗ ਦਰਜ ਹਨ। ਜੋ ਇਸ ਪ੍ਰਕਾਰ ਹਨ:

| | | |
|---|---|---|
| 1. | ਗਉੜੀ ਦਖਣੀ | ਪੰਨਾ 152 |
| 2. | ਵਡਹੰਸ ਦਖਣੀ | ਪੰਨਾ 580 |
| 3. | ਬਿਲਾਵਲੁ ਦਖਣੀ | ਪੰਨਾ 843 |
| 4. | ਰਾਮਕਲੀ ਦਖਣੀ | ਪੰਨ 907 ਅਤੇ 929 ਤੋਂ 938 |
| 5. | ਮਾਰੂ ਦਖਣੀ | ਪੰਨਾ 1033 |
| 6. | ਪ੍ਰਭਾਤੀ ਦਖਣੀ | ਪੰਨਾ 1343 |

ਇਹਨਾਂ 6 ਦੱਖਣੀ ਰਾਗਾਂ ਤੋਂ ਇਲਾਵਾ ਇਕ ਬਾਣੀ ਓਅੰਕਾਰ ਵੀ ਦਰਜ ਹੈ। ਜੋ ਕਿ ਰਾਮਕਲੀ ਦਖਣੀ ਕਰਕੇ ਦਰਜ ਹੈ। ਇਹ ਪੰਨਾਂ ਨੰ: 929 ਤੋਂ 938 ਤੱਕ ਹੈ। ਇਹ ਬਾਣੀ ਪੰਜਾਬੀ (ਗੁਰਮੁਖੀ) ਦੇ 52 ਅੱਖਰ ਲੈ ਕੇ ਪਟੀ ਦੀ ਤਰਜ਼ ਵਿਚ ਲਿਖੀ ਗਈ ਹੈ। ਇਸ ਵਿਚ ਪਟੀ ਸ਼ਬਦ ਵੀ ਆਉਂਦਾ ਹੈ। ਇਸ ਬਾਣੀ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼ ਵਿਚ ਦੱਖਣ ਅਤੇ ਓਅੰਕਾਰ ਬਾਣੀ ਬਾਰੇ ਪੰਨਾ ਨੰ: 618 'ਤੇ ਇਸ ਤਰ੍ਹਾਂ ਲਿਖਦੇ ਹਨ। ਯਥਾ : ਦਖਣੀ ਜਿਸ ਦਾ ਸੰਬੰਧ ਜਿਵੇਂ ਦਖਣੀ ਵਡਹੰਸ ਦੇਖੋ ਅਲਾਹਣੀਆਂ ਮ: 1

1. ਸ਼ਬਦ ਤੀਜਾ ਪੰਨਾ 590

2. ਦਖਣੀ ਓਅੰਕਾਰ-ਮੱਧ ਭਾਰਤ (ਸੀ.ਪੀ.) ਦੇ ਨਿਮਾਰ ਜ਼ਿਲ੍ਹੇ ਵਿਚ ਮਾਨਧਾਤਾ ਦੀਪ (ਟਾਪੂ) ਅੰਦਰ ਓਅੰਕਾਰ ਦਾ ਪ੍ਰਸਿੱਧ ਮੰਦਰ ਹੈ। ਉਸ ਥਾਂ ਗੁਰੂ ਨਾਨਕ ਦੇਵ ਜੀ ਨੇ ਪੁਜਾਰੀਆਂ ਨੂੰ ਸੁਮੱਤ ਦੇਣ ਲਈ ਰਾਮਕਲੀ ਵਿਚ ਮਨੋਹਰ

ਬਾਣੀ ਰਚੀ ਹੈ। ਉਸ ਦੀ ਦਖਣੀ ਓਅੰਕਾਰ ਸੰਗਯਾ ਹੈ। ਇਹ ਰਚਨਾ ਵੀ ਬਾਵਨ ਅੱਖਰੀ ਵਾਂਗ ਅੱਖਰਾਂ ਪਰਥਾਇ ਹੈ। (ਮਹਾਨ ਕੋਸ਼)

ਇਥੇ ਮੈਂ ਇਹ ਗੱਲ ਸਪਸ਼ਟ ਕਰ ਦਿਆਂ ਕਿ ਬਾਣੀ ਦਾ ਨਾਂ ਓਅੰਕਾਰ ਬਾਣੀ ਹੈ ਅਤੇ ਇਹ ਬਾਣੀ ਦਖਣੀ ਰਾਮਕਲੀ ਰਾਗ ਵਿਚ ਉਚਾਰਨ ਕੀਤੀ ਗਈ ਹੈ। ਭਾਵ ਦਖਣੀ ਲਫਜ਼ ਦਾ ਰਾਗ ਰਾਮਕਲੀ ਨਾਲ ਸੰਬੰਧ ਹੈ। ਓਅੰਕਾਰ ਨਾਲ ਨਹੀਂ। ਇਹ ਗੱਲ ਧਿਆਨ ਦੇਣ ਯੋਗ ਹੈ ਕਿ ਦਖਣੀ ਰਾਗਾਂ ਵਿਚ ਜਿੰਨੀ ਵੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਉਹ ਸਾਰੀ ਬਾਣੀ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਚੀ ਹੋਈ ਹੈ, ਹੋਰ ਕਿਸੇ ਗੁਰੂ ਸਾਹਿਬਾਨ ਜੀ ਦੀ ਨਹੀਂ ਹੈ।

ਜਦੋਂ ਗੁਰੂ ਨਾਨਕ ਦੇਵ ਜੀ ਉਦਾਸੀਆਂ ਸਮੇਂ ਦੱਖਣ ਦੇ ਦੌਰੇ ’ਤੇ ਸਨ ਤਾਂ ਹੀ ਇਹ ਬਾਣੀ ਉਚਾਰੀ ਗਈ ਅਤੇ ਨਾਲ ਹੀ ਦੱਖਣ ਤੋਂ ਵਾਪਸੀ ਸਮੇਂ ਰਸਤੇ ਵਿਚ ਮੱਧ ਭਾਰਤ ਪਹੁੰਚੇ ਤਾਂ ਉਥੇ ਦੇ ਇਕ ਮੰਦਰ ਜਿਸ ਦਾ ਨਾਂ ਓਅੰਕਾਰ ਮੰਦਰ ਹੈ, ਜਿਸ ਦਾ ਜ਼ਿਕਰ ਪਹਿਲਾਂ ਹੋ ਚੁੱਕਾ ਹੈ, ਉਸ ਮੰਦਰ ਦੇ ਪੰਡਿਤਾਂ ਪਰਥਾਇ ਰਾਮਕਲੀ ਰਾਗ ਵਿਚ ਬਾਣੀ ਉਚਾਰੀ ਗਈ।

ਦਖਣੀ ਰਾਗਾਂ ਤੋਂ ਭਾਵ ਹੈ ਉਸ ਰਾਗ ਜੋ ਦਖਣੀ ਭਾਵ ਕਰਨਾਟਕੀ ਪਧਤੀ ਵਿਚ ਗਾਇਆ ਜਾਂ ਵਜਾਇਆ ਜਾਵੇ। ਭਾਰਤ ਵਿਚ ਸੰਗੀਤ ਨੂੰ ਗਾਉਣ ਜਾਂ ਵਜਾਉਣ ਦੀਆਂ ਕੇਵਲ ਦੋ ਹੀ ਪੱਧਤੀਆਂ ਹਨ। ਪਹਿਲੀ ਹਿੰਦੁਸਤਾਨੀ (ਸ਼ਾਸਤਰੀਅ ਸੰਗੀਤ) ਅਤੇ ਦੂਸਰੀ ਕਰਨਾਟਕੀ ਸੰਗੀਤ ਪੱਧਤੀ ਹੈ।

ਹਿੰਦੁਸਤਾਨੀ ਸੰਗੀਤ (ਸ਼ਾਸ਼ਤਰੀਅ ਸੰਗੀਤ) ਵਿਚ 10 ਥਾਟ ਹੁੰਦੇ ਹਨ ਜਿਹਨਾਂ ਵਿਚੋਂ ਤਕਰੀਬਨ 200 ਰਾਗਾਂ ਦੀਆਂ ਸੁਰਾਂ ਦੀ ਪਹਿਚਾਣ ਹੁੰਦੀ ਹੈ। ਕਿਸੇ ਥਾਠ ਵਿਚੋਂ ਚਾਰ ਰਾਗ ਨਿਕਲਦੇ ਹਨ ਜਿਸ ਤਰ੍ਹਾਂ ਕਿ ਭੈਰਵੀ ਥਾਠ। ਕਿਸੇ ਥਾਠ ਵਿਚ 30 ਰਾਗਾਂ ਦੀ ਉਤਪਤੀ ਹੁੰਦੀ ਹੈ, ਜਿਸ ਤਰ੍ਹਾਂ ਕਿ ਕਾਫੀ ਥਾਠ। ਕਰਨਾਟਕੀ ਸੰਗੀਤ ਵਿਚ ਥਾਠਾਂ ਦੀ ਸੂਚਨਾ ਮਿਲਦੀ ਹੈ ਉਹ 72 ਥਾਠਾਂ ਦੀ ਹੈ ਅਤੇ ਇਹਨਾਂ 72 ਥਾਠਾਂ ਵਿਚੋਂ 500 ਰਾਗਾਂ ਦੀ ਉਤਪਤੀ ਦੱਸੀ ਗਈ ਹੈ। ਕਰਨਾਟਕੀ ਥਾਠਾਂ ਦੀ ਬਾਕਾਇਦਾ ਇਕ ਕ੍ਰਮ ਸੰਖਿਆ ਵੀ ਲਿਖੀ ਗਈ ਹੈ। ਜਿਸ ਤਰ੍ਹਾਂ ਹਿੰਦੁਸਤਾਨੀ ਸੰਗੀਤ ਵਿਚ ਥਾਠ ਬਿਲਾਵਲੁ ਹੈ ਪਰ ਇਹੀ ਥਾਠ ਜਦ ਕਰਨਾਟਕੀ ਪੱਧਤੀ ਤੇ ਆਏਗਾ ਤਾਂ ਇਸ ਦਾ ਨਾਂ ਧਰਿ ਸ਼ੁਕਰਾਭਰਨ ਹੋ ਜਾਏਗਾ ਅਤੇ ਇਸ ਥਾਠ ਦੀ ਕ੍ਰਮ ਸੰਖਿਆ 29 ਹੈ। ਹਿੰਦੁਸਤਾਨੀ ਸੰਗੀਤ ਵਿਚ ਥਾਠ ਹੈ ਕਾਫੀ। ਪਰ ਜਦੋਂ ਕਾਫੀ ਥਾਠ ਕਰਨਾਟਕੀ ਪੱਧਤੀ ’ਤੇ ਆਏਗਾ ਤਾਂ ਇਸ ਦਾ ਨਾਂ ਹੋ ਜਾਏਗਾ ਅਖਹਰਪ੍ਰਿਆ ਅਤੇ ਇਹ ਥਾਠ ਦੀ ਕ੍ਰਮ ਸੰਖਿਆ ਹੈ 22। ਇਸ ਤਰ੍ਹਾਂ ਬਾਕੀ ਦੇ 8 ਥਾਠਾਂ ਦੇ ਨਾਂ ਵੀ ਕਰਟਾਨਕੀ ਪੱਧਤੀ ਵਿਚ ਦਰਜ ਹਨ।

ਹਿੰਦੁਸਤਾਨੀ ਸੰਗੀਤ ਪੱਧਤੀ (ਪ੍ਰਣਾਲੀ) ਨੂੰ ਹੀ ਉੱਤਰੀ ਸੰਗੀਤ ਪੱਧਤੀ ਵੀ ਕਿਹਾ ਜਾਂਦਾ ਹੈ। ਇਹ ਸੰਗੀਤ ਮਦਰਾਸ (ਚੇਨਈ) ਆਂਦਰਾ ਪ੍ਰਦੇਸ਼ ਅਤੇ ਮੈਸੂਰ (ਕਰਨਾਟਕ) ਨੂੰ ਛੱਡ ਕੇ ਬਾਕੀ ਸਾਰੇ ਭਾਰਤ ਵਿਚ ਗਾਇਆ ਤੇ ਵਜਾਇਆ ਜਾਂਦਾ ਹੈ।

ਦੋਨਾਂ ਸੰਗੀਤ ਪੱਧਤੀਆਂ ਵਿਚ ਕੁਝ ਸਿਧਾਂਤਾਂ ਵਿਚ ਕੋਈ ਵਿਸ਼ੇਸ਼ ਅੰਤਰ ਨਹੀਂ ਹੈ:

## ਸਮਾਨਤਾ :

1. ਦੋਨੋਂ ਪੱਧਤੀਆਂ ਵਿਚ ਸ਼ੁੱਧ ਅਤੇ ਵਿਕਰਤ ਕੁੱਲ ਮਿਲਾ ਕੇ 12 ਸੁਰਾਂ ਹੀ ਹਨ।

2. ਦੋਨੋਂ ਪੱਧਤੀਆਂ ਵਿਚ ਹੀ 12 ਸੁਰਾਂ ਵਿਚੋਂ ਥਾਠ ਦੀ ਉੱਤਪਤੀ ਉਤਪੰਨ ਹੁੰਦੀ ਹੈ ਜਿਸ ਵਿਚੋਂ ਰਾਗ ਗਾਇਆ ਜਾ ਵਜਾਇਆ ਜਾਂਦਾ ਹੈ।
3. ਦੋਨਾਂ ਵਿਚ ਅਲਾਪ ਅਤੇ ਤਾਨ ਦੇ ਨਾਲ ਗਾਇਨ ਕੀਤਾ ਜਾਂਦਾ ਹੈ।
4. ਦੋਨਾਂ ਵਿਚ ਅਲਾਪ ਗਾਇਨ ਕੀਤਾ ਜਾਂਦਾ ਹੈ।
5. ਥਾਠ ਰਾਗ ਦਾ ਅਸੂਲ ਦੋਨਾਂ ਵਿਚ ਹੀ ਸਵੀਕਾਰ ਹੈ।

## ਫਰਕ (ਭੇਦ)

1. ਹਿੰਦੁਸਤਾਨੀ ਸੰਗੀਤ ਅਤੇ ਦੱਖਣੀ ਸੰਗੀਤ ਪੱਧਤੀ ਵਿਚ ਹਾਲਾਂਕਿ ਸੁਰ 12 ਹਨ ਪਰ ਦੋਨਾਂ ਦੇ ਸੁਰਾਂ ਦੇ ਨਾਮ ਵਿਚ ਫਰਕ ਹੈ।
2. ਹਿੰਦੁਸਤਾਨੀ ਸੰਗੀਤ ਦੇ 10 ਥਾਠ ਹਨ ਅਤੇ ਦੱਖਣੀ ਰਾਗ ਦੇ 12 ਥਾਠ ਹਨ।
3. ਹਿੰਦੁਸਤਾਨੀ ਸੰਗੀਤ ਵਿਚ ਸ਼ੁੱਧ ਸੁਰਾਂ ਦੇ ਮੇਲ ਨੂੰ ਬਿਲਾਵਲੁ ਥਾਠ ਦਾ ਮੇਲ ਕਿਹਾ ਜਾਂਦਾ ਹੈ। ਪਰ ਦਖਣੀ ਸੰਗੀਤ ਦੇ ਸ਼ੁੱਧ ਸੁਰਾਂ ਨੂੰ ਤੁਖਾਰੀ ਮੇਲ ਕਿਹਾ ਜਾਂਦਾ ਹੈ। ਹਾਲਾਂਕਿ ਕਰਨਾਟਕ ਦੀ ਸੁਰਾਂ ਦੇ ਰਾਗ ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖ ਦਖਣੀ ਰਾਗ ਕਰਕੇ ਲਿਖਿਆ ਹੋਇਆ ਹੈ। ਪਿਛਲੇ ਪੰਜਾਹ ਸਾਲਾਂ ਵਿਚ ਕਿਸੇ ਭੀ ਰਾਗੀ ਨੇ ਕਿਸੀ ਗੁਰਦੁਆਰੇ ਵਿਖੇ ਕੀਰਤਨ ਕੀਤਾ ਹੋਏ ਇਹ ਦੇਖਣ ਵਿਚ ਨਹੀਂ ਆਇਆ ਅਤੇ ਨਾ ਹੀ ਕਿਸੇ ਨੇ ਗਾਇਆ ਹੈ ਪਰ ਪਿਛਲੇ ਇਕ ਸਾਲ ਤੋਂ ਮੈਂ ਬੜੀ ਕੋਸ਼ਿਸ਼ ਕੀਤੀ ਹੈ ਕਿ ਇਹਨਾਂ ਰਾਗਾਂ ਦੀਆਂ ਸੁਰਾਂ ਜੇ ਕਿਸੇ ਰਾਗੀ ਨੇ ਗਾਈਆਂ ਹੋਣ ਪਰ ਨਹੀਂ। ਹਾਂ ਜਦੋਂ ਮੈਂ ਪਦਮ ਸ੍ਰੀ ਸ: ਸੁਰਿੰਦਰ ਸਿੰਘ (ਸਿੰਘ ਬੰਧੂ) ਜੀ ਨਾਲ ਫੋਨ ਰਾਹੀ ਗੱਲਬਾਤ ਕੀਤੀ ਤਾਂਉਹਨਾਂ ਨੇ ਮੈਨੂੰ ਦੱਸਿਆ, ਦੂਰਦਰਸ਼ਨ ਤੇ ਉਹਨਾਂ ਨੇ ਇਕ ਪ੍ਰੋਗਰਾਮ ਕਰਵਾਇਆ ਸੀ ਜਿਸ ਦਾ ਨਾਮ ਸੀ 'ਗਾਵਹੁ ਸੱਚੀ ਬਾਣੀ' ਉਸ ਵਿਚ 31 ਰਾਗ ਹਿੰਦੁਸਤਾਨ ਦੇ ਚੁਣੇ ਹੋਏ ਗਾਇਕਾਂ ਕੋਲੋਂ, ਰਾਗੀਆਂ ਕੋਲ ਤੇ ਸਿੰਘ ਬੰਧੂਆਂ ਨੇ ਆਪ ਗਾਏ ਸਨ ਪਰ ਦਖਣੀ ਰਾਗ ਕੇਵਲ ਡਾ. ਗੁਰਨਾਮ ਸਿੰਘ ਜੀ ਤੋਂ ਗਵਾਇਆ ਸੀ। ਦਖਣੀ ਰਾਮਕਲੀ ਵਿਚ। ਹੁਣ ਮੈਨੂੰ ਲਗਦਾ ਹੈ ਕਿ ਸਾਡੇ ਪ੍ਰੋਫੈਸਰ ਅਤੇ ਸੰਗੀਤ ਪ੍ਰੇਮੀ ਇਹਨਾਂ ਦਖਣੀ ਰਾਗਾਂ 'ਤੇ ਰੌਸ਼ਨੀ ਪਾਉਣਗੇ।

**14/8, ਇੰਦਰਾ ਵਿਕਾਸ ਕਲੋਨੀ,ਨਵੀਂ ਦਿੱਲੀ, 98991 58588**

**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਬਸੰਤ ਰਾਮਾਨੰਦ ਜੀ


## ਹਰਿਭਜਨ ਸਿੰਘ


ਥਾਟ : ਬਿਲਾਵਲ ॥ ਜਾਤੀ : ਔਡਵ, ਸ਼ਾਡਵ ਸੰਪੂਰਨ ॥
ਸਮਾਂ : ਦਿਨ ਦਾ ਦੂਸਰਾ ਪਹਿਰ ॥ ਵਾਦੀ: ਸ, ਸੰਵਾਦੀ : ਸਂ ॥
ਆਰੋਹ : ਸ ਗ ਮ ਧ ਨ ਸਂ ॥ ਅਵਰੋਹ : ਸਂ ਨ ਧ ਪ ਮ, ਗ ਰ ਸ ॥
ਮੁੱਖ ਅੰਗ : ਗ ਮ ਧ ਨ ਸਂ, ਸਂ ਨ ਧ ਪ ਮ, ਗ, ਰ ਸ ॥

| × | | 2 | | | 0 | | 3 | | | × | | 2 | | | 0 | | 3 | | |
|---|---|---|---|---|---|---|---|---|---|---|---|---|---|---|---|---|---|---|---|
| **ਸਥਾਈ** | | | | | | | | | | | | | | | | | | | |
| 1 | 2 | 3 | 4 | 5 | 6 | 7 | 8 | 9 | 10 | 1 | 2 | 3 | 4 | 5 | 6 | 7 | 8 | 9 | 10 |
| ਨ਼ | ਸ | ਧ਼ | ਨ਼ | ਸ | ਮ | – | ਗ | – | ਗ | ਗ | ਮ | ਧ | – | ਮ | ਮ | ਧ | ਮਧ | ਨਸਂ | ਸਂ |
| ਕ | ਤ | ਜਾ | ਈ | ਐ | ਰੇ | s | s | s | ਘਰ | ਲਾ | s | ਗੋ | s | s | ਰੰ | s | ਗੁ | s | ਮੇਰਾ |
| ਸਂ | ਸਂ | ਸਂ | – | ਰਂ | ਸਂ | ਨ | ਧ | – | ਧ | ਗ | – | ਮ | – | ਪ | ਗ | ਮ | ਰ | ਸ | ਸ |
| ਚਿ | ਤੁ | ਨ | s | ਚ | ਲੈ | s | ਮ | s | ਨੁ | ਭ | s | ਇਓ | s | s | ਪੰ | s | ਗੁ | s | s |
| **ਅੰਤਰਾ** | | | | | | | | | | | | | | | | | | | |
| ਸਂ | ਨ | ਧ | – | ਮ | ਧ | ਨ | ਸਂ | – | ਸਂ | ਸਂ | ਨ | ਧ | – | ਮ | ਧ | ਨ | ਸਂ | – | ਸਂ |
| ਏ | s | ਕ | s | ਦਿ | ਵ | ਸ | ਮ | s | ਨ | ਭ | s | ਈ | s | ਉ | ਮੰ | s | ਗ | s | ਘਸਿ |
| ਗਂ | – | ਗਂ | – | ਮਂ | ਰਂ | ਗਂ | ਸਂ | – | – | ਗਂ | ਰਂ | ਨ | ਸਂ | ਧ | ਨ | – | ਸਂ | – | – |
| ਚੰ | s | ਦ | s | ਨ | ਚੋ | s | ਆ | s | s | ਬ | s | ਹੁ | s | ਸੁ | ਗੰ | s | ਧ | s | s |
| ਸਂ | ਨ | ਧ | – | ਮ | ਧ | ਨ | ਸਂ | – | ਸਂ | ਗਂ | – | ਗਂ | – | ਮਂ | ਰਂ | ਗਂ | ਸਂ | – | ਸਂ |
| ਪੂ | s | ਜ | s | ਨ | ਚਾ | s | ਲੀ | s | s | ਬ੍ਰ | ਹ | ਮ | s | s | ਠਾ | s | ਇ | s | ਸੋ |
| ਨ | – | ਨ | – | ਸਂ | ਨ | – | ਧ | – | ਧ | ਗ | – | ਮ | – | ਪ | ਗ | ਮ | ਰ | ਸ | ਸ |
| ਬ੍ਰ | ਹ | ਮੁ | s | ਬ | ਤਾ | s | ਇਓ | s | ਗੁਰ | ਮ | ਨ | ਹੀ | s | s | ਮਾ | s | ਹਿ | s | s |
| **ਸੰਚਾਰੀ** | | | | | | | | | | | | | | | | | | | |
| ਸ | ਮ | ਮ | – | ਗ | ਮ | – | ਮ | – | – | ਗ | ਗ | ਗ | – | ਮ | ਰ | ਗ | ਸ | – | ਸ |
| ਜ | ਹਾ | ਜਾ | s | ਈ | ਐ | s | ਤਹ | s | s | ਜ | ਲ | s | s | ਪ | ਖਾ | s | ਨ | s | ਤੂ |
| ਸ | ਮ | ਮ | – | ਗ | ਮ | ਧ | ਧ | – | ਧ | ਮ | ਧ | ਨ | – | ਨ | ਸਂ | – | ਸਂ | – | – |
| ਪੂ | s | ਰਿ | s | ਰਹਿ | ਓ | s | ਹੈ | s | s | ਸ | ਭ | s | s | ਸ | ਮਾ | s | ਨ | s | s |
| ਗਂ | ਰਂ | ਸਂ | – | ਨ | ਸਂ | – | ਸਂ | – | ਸਂ | ਨ | – | ਧ | – | ਮ | ਧ | ਨ | ਸਂ | – | – |
| ਬੇ | s | ਦ | s | sਪੁ | ਰਾ | s | ਨ | s | ਸਭ | ਦੇ | s | ਖੇ | s | s | ਜੋ | s | ਇ | s | s |
| ਨ | – | ਨ | – | ਸਂ | ਨ | – | ਧ | – | ਧ | ਗ | – | ਮ | – | ਪ | ਗ | ਮ | ਰ | ਸ | ਸ |
| ਉ | ਹਾਂ | ਤਉ | s | s | ਜਾ | s | ਈਐ | s | ਜਉ | ਈ | s | ਹਾਂ | s | ਨ | ਹੋ | s | ਇ | s | s |
| **ਅਭੋਗ** | | | | | | | | | | | | | | | | | | | |
| ਗਂ | ਰਂ | ਸਂ | – | ਨ | ਸਂ | – | ਸਂ | – | ਸਂ | ਨ | – | ਧ | – | ਮ | ਧ | ਨ | ਸਂ | – | ਸਂ |
| ਸ | ਤਿ | ਗੁ | s | ਰ | ਮੈ | s | ਬ | s | ਲਿ | ਹਾ | s | ਰੀ | s | s | ਤੋ | s | ਰ | s | ਜਿਨਿ |
| ਰਂ | ਰਂ | ਰਂ | – | ਸਂ | ਸਂ | ਗਂ | ਰਂ | ਸਂ | ਸਂ | ਨ | ਸਂ | ਧ | – | ਧ | ਨ | ਰਂ | ਸਂ | – | – |
| ਸ | ਕ | ਲ | s | ਬਿ | ਕ | ਲ | ਭ੍ਰ | s | ਮ | ਕਾ | s | ਟੇ | s | s | ਮੋ | s | ਰ | s | s |
| ਸਂ | ਨ | ਧ | – | ਮ | ਧ | ਨ | ਸਂ | – | ਸਂ | ਗਂ | ਗਂ | ਗਂ | – | ਮਂ | ਰਂ | ਗਂ | ਸਂ | – | ਸਂ |
| ਰਾ | ਮਾ | ਨੰ | s | ਦੁ | ਸੁਆ s | | ਮੀ | s | s | ਰ | ਮ | ਤ | s | s | ਬ੍ਰਹ | s | ਮ | s | s |
| ਨ | ਨ | ਨ | – | ਸਂ | ਨ | – | ਧ | – | ਧ | ਗ | – | ਮ | – | ਪ | ਗ | ਮ | ਰ | ਸ | ਸ |
| ਗੁ | ਰ | ਕਾ | s | s | ਸ | ਬ | ਦੁ | s | s | ਕਾ | ਟੈ | ਕੋ | s | ਟਿ | ਕ | ਰ | ਮ | s | s |


ਮੋਬਾਇਲ : 9878636268

# ਸੁਰ ਲਿਪੀ ਵਾਲੇ ਸ਼ਬਦ ਦੇ ਅਰਥ

ਅੰਗ ੧੧੯੫

ਰਾਮਾਨੰਦ ਜੀ ਘਰੁ ੧
Raamaanand Jee, First House:

ੴ ਸਤਿਗੁਰ ਪ੍ਰਸਾਦਿ ॥
One Universal Creator God. By The Grace Of The True Guru:

ਕਤ ਜਾਈਐ ਰੇ ਘਰ ਲਾਗੋ ਰੰਗੁ ॥
Where should I go? My home is filled with bliss.

ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ ॥੧॥ ਰਹਾਉ ॥
My consciousness does not go out wandering. My mind has become crippled. ||1||Pause||

ਏਕ ਦਿਵਸ ਮਨ ਭਈ ਉਮੰਗ ॥
One day, a desire welled up in my mind.

ਘਸਿ ਚੰਦਨ ਚੋਆ ਬਹੁ ਸੁਗੰਧ ॥
I ground up sandalwood, along with several fragrant oils.

ਪੂਜਨ ਚਾਲੀ ਬ੍ਰਹਮ ਠਾਇ ॥
I went to God's place, and worshipped Him there.

ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ ॥੧॥
That God showed me the Guru, within my own mind. ||1||

ਜਹਾ ਜਾਈਐ ਤਹ ਜਲ ਪਖਾਨ ॥
Wherever I go, I find water and stones.

ਤੂ ਪੂਰਿ ਰਹਿਓ ਹੈ ਸਭ ਸਮਾਨ ॥
You are totally pervading and permeating in all.

ਬੇਦ ਪੁਰਾਨ ਸਭ ਦੇਖੇ ਜੋਇ ॥
I have searched through all the Vedas and the Puraanas.

ਊਹਾਂ ਤਉ ਜਾਈਐ ਜਉ ਈਹਾਂ ਨ ਹੋਇ ॥੨॥
I would go there, only if the Lord were not here. ||2||

ਸਤਿਗੁਰ ਮੈ ਬਲਿਹਾਰੀ ਤੋਰ ॥
I am a sacrifice to You, O my True Guru.

ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ ॥
You have cut through all my confusion and doubt.

ਰਾਮਾਨੰਦ ਸੁਆਮੀ ਰਮਤ ਬ੍ਰਹਮ ॥
Raamaanand's Lord and Master is the All-pervading Lord God.

ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥੩॥੧॥
The Word of the Guru's Shabad eradicates the karma of millions of past actions. ||3||1||


ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

| LIST OF DONORS FROM 10.10.2014 TO 14.01.2015 | | | | |
|---|---|---|---|---|
| R.No. | Date | Amount (Rs.) | Donors | Remarks |
| 6219 | 10.10.2014 | 1000 | DR JAGIR SINGH CHANDIGARH | |
| 6220 | 10.10.2014 | 2500 | SIGMA CORPORATION INDIA LIMITED | |
| 6221 | 16.10.2014 | 1000 | MOHINDER SINGH SURINDER KUR CHDG | |
| 6222 | 16.10.2014 | 1000 | S.ARVIND SINGH CHANDIGARH | |
| 6223 | 28.10.2014 | 1000 | DR JAGIR SINGH CHANDIGARH | |
| 6224 | 28.10.2014 | 2100 | S.MAKHAN SINGH FORMER DGM PSB DELHI | |
| 6225 | 11.11.2014 | 1000 | DR JAGIR SINGH CHANDIGARH | |
| 6226 | 11.11.2014 | 150 | MANJIT SINGH -KATHUA | |
| 6227 | 11.11.2014 | 2500 | SIGMA CORPORATION INDIA LIMITED | |
| 6228 | 01.12.2014 | 150 | GURU NANAK GIRLS COLLEGE,YAMUNA NAGAR | |
| 6229 | 05.12.2014 | 250 | KIRTAN BHETA AT SARANGLOK MOHALI | |
| 6230 | 08.12.2014 | 20000 | MRS HARBHAJAN KAUR NEW DELHI | |
| 6231 | 09.12.2014 | 5000 | DR JAGIR SINGH CHANDIGARH | |
| 6232 | 09.12.2014 | 1100 | HARBHAJAN SINGH CHOPRA CHANDIGARH | |
| 6233 | 12.12.2014 | 1000 | GEN.GURBAKASH SINGH CHANDIGARH | |
| 6234 | 12.12.2014 | 1000 | COL.HARSHARAN SINGH SANDHU -CHANDIGARH | |
| 6235 | 12.12.2014 | 2500 | SIGMA CORPORATION INDIA LIMITED | |
| 6236 | 20.12.2014 | 3000 | HOTEL AROMA CHANDIGARH | |
| 6237 | 25.12.2014 | 1000 | MRS GURBACHAN KAUR SANDHU AHMEDABAD | |
| 6238 | 30.12.2014 | 500 | DR KIRPAL SINGH CHANDIGARH | |
| 6239 | 04.01.2015 | 987 | KIRTAN/CHARAT AT 1592/49B CHANDIGARH | |
| 6240 | 08.01.2015 | 5000 | DR JAGIR SINGH CHANDIGARH | |
| 6241 | 08.01.2015 | 2500 | SIGMA CORPORATION INDIA LIMITED | |
| 6242 | 11.01.2015 | 1720 | KIRTAN/CHARAT AT 1583/49B CHANDIGARH | |
| 6243 | 14.01.2015 | 18000 | ALP NISHIKAWA CO. LTD GURGAON | |
| 6244 | 14.01.2015 | 150 | PROF. MANGAT SINGH MASTANA MALOUT | |
| 6245 | 14.01.2015 | 150 | PROF.M.S. SACHDEVA MALOUT | |
| 6246 | 14.01.2015 | 150 | SANT MUKAND SINGH MALOUT | |

Postal Regd. No. CH/0045/2015-2017 RNI Regd. No. 46788/89 ISSN 0972-2335

